



ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Sunday 12 April, 2026 | website: www.cee7news.com

## ਮਲਚਿੰਗ ਤਕਨੀਕ ਨਾਲ ਹਲਦੀ ਦੀ ਕਾਸ਼ਤ ਰਾਹੀਂ ਨਾਮਣਾ ਖੱਟ ਰਿਹੈ ਪ੍ਰਗਤੀਸ਼ੀਲ ਕਿਸਾਨ ਕ੍ਰਿਸ਼ਨ ਕੁਮਾਰ



ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਅਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਤੇਜਬੀਰ ਸਿੰਘ ਭੰਗੂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਕਿਸਾਨਾਂ ਨੂੰ ਵੱਖ-ਵੱਖ ਸਹਾਇਕ ਧੰਦਿਆਂ ਨਾਲ ਜੋੜਨ ਵਾਸਤੇ ਜਾਗਰੂਕਤਾ ਅਭਿਆਨ ਚਲਾਇਆ ਹੈ ਅਤੇ ਕਿਸਾਨ ਵੱਧ-ਚੜ੍ਹ ਕੇ ਸਹਾਇਕ ਧੰਦੇ ਅਤੇ ਪ੍ਰੋਸੈਸਿੰਗ ਯੂਨਿਟ ਲਗਾ ਰਹੇ ਹਨ।

ਇਸੇ ਤਹਿਤ ਡਾ. ਭੁਪਿੰਦਰ ਸਿੰਘ ਖੇਤੀਬਾੜੀ ਅਫਸਰ ਖਡੂਰ ਸਾਹਿਬ ਦੇ ਥਾਪੜੇ ਸਦਕਾ ਡਾ. ਯਾਦਵਿੰਦਰ ਸਿੰਘ ਸਰਕਲ ਇੰਚਾਰਜ ਜਲਾਲਾਬਾਦ ਵੱਲੋਂ ਪਿੰਡ ਨਾਗੋਕੇ ਵਿਖੇ ਪ੍ਰੋਸੈਸਿੰਗ ਯੂਨਿਟ ਚਲਾ ਰਹੇ ਕਿਸਾਨ ਕ੍ਰਿਸ਼ਨ ਕੁਮਾਰ ਨਾਲ ਸੰਪਰਕ ਕੀਤਾ ਗਿਆ ਅਤੇ ਉਨ੍ਹਾਂ ਨੂੰ ਹਲਦੀ ਅਤੇ ਦਾਲਾਂ ਦੀ ਪ੍ਰੋਸੈਸਿੰਗ ਅਤੇ ਮਾਰਕੀਟਿੰਗ ਦੇ ਗੁਰ ਦੱਸੇ ਗਏ।ਜ਼ਿਲ੍ਹਾ ਤਰਨ ਤਾਰਨ ਦੇ ਬਲਾਕ ਖਡੂਰ ਸਾਹਿਬ ਦੇ ਪਿੰਡ ਨਾਗੋਕੇ ਦੇ ਪ੍ਰਗਤੀਸ਼ੀਲ ਕਿਸਾਨ ਕ੍ਰਿਸ਼ਨ ਕੁਮਾਰ ਨੇ ਖੇਤੀ ਵਿਚ ਨਵੀਨਤਾ ਅਤੇ ਮਿਹਨਤ ਦਾ ਅਦਭੁੱਤ ਮਿਲਾਪ ਕਰਕੇ ਇਕ ਵਿਲੱਖਣ ਮਿਸਾਲ ਕਾਇਮ ਕੀਤੀ ਹੈ। ਉਹ 2013 ਤੋਂ ਲਗਾਤਾਰ ਮਲਚਿੰਗ ਤਕਨੀਕ ਨਾਲ ਹਲਦੀ ਦੀ ਕਾਸ਼ਤ ਕਰ ਰਹੇ ਹਨ ਅਤੇ ਅੱਜ ਉਨ੍ਹਾਂ ਦਾ ਨਾਮ ਖੇਤੀਬਾੜੀ ਵਿਚ ਸਫਲ ਕਿਸਾਨਾਂ ਦੀ ਸੂਚੀ ਵਿਚ ਸ਼ਾਮਲ ਹੋ ਚੁੱਕਾ ਹੈ। ਉਨ੍ਹਾਂ ਨੇ ਪਿਛਲੇ 10 ਸਾਲਾਂ ਤੋਂ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਈ ਅਤੇ ਝੋਨੇ ਦੀ ਸਿੱਧੀ ਬਿਜਾਈ ਨੂੰ 2012 ਤੋਂ ਤਰਜੀਹ ਦੇ ਰਹੇ ਹਨ।ਕ੍ਰਿਸ਼ਨ ਕੁਮਾਰ ਨੇ ਰਵਾਇਤੀ ਫ਼ਸਲਾਂ ਤੋਂ ਹਟ ਕੇ ਹਲਦੀ ਦੀ ਕਾਸ਼ਤ ਸ਼ੁਰੂ ਕੀਤੀ। ਸ਼ੁਰੂਆਤ ਵਿਚ ਚੁਣੌਤੀਆਂ ਆਈਆਂ, ਪਰ ਉਨ੍ਹਾਂ ਨੇ ਮਲਚਿੰਗ ਤਕਨੀਕ ਅਪਣਾਈ ਜਿਸ ਨਾਲ ਮਿੱਟੀ ਦੀ ਨਮੀ ਬਰਕਰਾਰ ਰਹਿੰਦੀ ਹੈ, ਘਾਹ-ਫੂਸ ਘੱਟ ਹੁੰਦਾ ਹੈ ਅਤੇ ਫ਼ਸਲ ਦੀ ਗੁਣਵੱਤਾ ਵਿਚ ਵੀ ਸੁਧਾਰ ਹੁੰਦਾ ਹੈ। ਇਸ ਤਕਨੀਕ ਨਾਲ ਉਨ੍ਹਾਂ ਦੀ ਪੈਦਾਵਾਰ ਵਿਚ ਮਹੱਤਵਪੂਰਨ ਵਾਧਾ ਹੋਇਆ ਅਤੇ ਲਾਗਤ ਵੀ ਘਟੀ।ਉਨ੍ਹਾਂ ਦੀ ਖਾਸ ਗੱਲ ਇਹ ਹੈ ਕਿ ਉਹ ਸਿਰਫ ਕੱਚੀ ਹਲਦੀ ਵੇਚਣ ਤੱਕ ਸੀਮਿਤ ਨਹੀਂ ਰਹੇ, ਸਗੋਂ ਖੁਦ ਹੀ ਪ੍ਰੋਸੈਸਿੰਗ ਕਰਦੇ ਹਨ। ਉਹ ਹਲਦੀ ਨੂੰ ਸਾਫ ਕਰਕੇ, ਉਬਾਲ ਕੇ, ਸੁਕਾ ਕੇ ਅਤੇ ਪੀਸ ਕੇ ਉੱਚ ਗੁਣਵੱਤਾ ਵਾਲੀ ਹਲਦੀ ਪਾਊਡਰ ਤਿਆਰ ਕਰਦੇ ਹਨ। ਇਸ ਨਾਲ ਉਨ੍ਹਾਂ ਨੂੰ ਮਾਰਕੀਟ ਵਿਚ ਵਧੀਆ ਕੀਮਤ ਮਿਲਦੀ ਹੈ ਅਤੇ ਉਨ੍ਹਾਂ ਦੀ ਆਮਦਨ ਵਿਚ ਕਾਫ਼ੀ ਵਾਧਾ ਹੋਇਆ ਹੈ।ਕ੍ਰਿਸ਼ਨ ਕੁਮਾਰ ਨੇ ਆਪਣੇ ਤਜ਼ਰਬੇ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਜੇ ਕਿਸਾਨ ਨਵੀਂ ਤਕਨੀਕਾਂ ਅਪਣਾਉਣ ਅਤੇ ਮੁੱਲ ਵਧੂ ਪ੍ਰਕਿਰਿਆਵਾਂ ਵੱਲ ਧਿਆਨ ਦੇਣ, ਤਾਂ ਖੇਤੀਬਾੜੀ ਵਿਚ ਵੱਡੀ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ। ਅੱਜ ਉਹ ਆਪਣੇ ਇਲਾਕੇ ਦੇ ਹੋਰ ਕਿਸਾਨਾਂ ਲਈ ਪ੍ਰੇਰਣਾ ਸਰੋਤ ਬਣੇ ਹੋਏ ਹਨ। ਡਾ. ਯਾਦਵਿੰਦਰ ਸਿੰਘ ਦੇ ਨਾਲ ਉਨ੍ਹਾਂ ਦੇ ਸਹਿਯੋਗੀ ਡਾ. ਰੁਪਿੰਦਰਜੀਤ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ, ਕਮਲਜੀਤ ਕੌਰ ਸਹਾਇਕ ਟੈਕਨੋਲੋਜੀ ਮੈਨੇਜਰ ਅਤੇ ਗੁਰਪ੍ਰਤਾਪ ਸਿੰਘ ਫੀਲਡ ਸਹਾਇਕ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ।

## ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਇੱਕ ਵਾਰ ਫਿਰ ਖੁਸ਼ੀਆਂ ਦਾ ਮਾਹੌਲ ਛਾਇਆ ਹੋਇਆ ਹੈ



ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਇੱਕ ਵਾਰ ਫਿਰ ਖੁਸ਼ੀਆਂ ਦਾ ਮਾਹੌਲ ਛਾਇਆ ਹੋਇਆ ਹੈ। ਗੁਰੂ ਘਰ ਦੇ ਵਿਸ਼ਾਲ ਪਲਾਜ਼ਾ ਵਿਚ ਸੰਗਤਾਂ ਵੱਲੋਂ ਲਗਾਏ ਗਏ ਜੈਕਾਰਿਆਂ ਦੀਆਂ ਗੂੰਜਾਂ ਚਾਰੇ ਪਾਸੇ ਗੂੰਜ ਰਹੀਆਂ ਹਨ। ਇਸ ਪਵਿੱਤਰ ਸਥਾਨ ਉੱਤੇ ਤਿਉਹਾਰ ਨੂੰ ਲੈ ਕੇ ਸੰਗਤਾਂ ਵਿਚ ਭਾਰੀ ਉਤਸਾਹ ਦੇਖਣ ਨੂੰ ਮਿਲਿਆ। ਹਜ਼ਾਰਾਂ ਦੀ ਤਾਦਾਦ ਵਿਚ ਆਈ ਸ਼ਰਧਾਲੂ ਸੰਗਤਾਂ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤੁਕਾਂ ਨਾਲ ਵਾਤਾਵਰਣ ਨੂੰ ਗੂੰਜਾ ਦਿੱਤਾ। ਇੱਕ ਵੱਡੀ ਸਟੇਜ ਤਿਆਰ ਕੀਤੀ ਗਈ ਸੀ, ਜਿਥੇ ਰਾਗੀ ਜਥਿਆਂ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਜਾ ਰਿਹਾ ਸੀ। ਇਸ ਤੋਂ ਇਲਾਵਾ ਭਜਨ ਅਤੇ ਧਾਰਮਿਕ ਧੁਨਾਂ ਵੀ ਚੱਲ ਰਹੀਆਂ ਸਨ। ਸੰਗਤਾਂ ਨੇ ਇਸ ਮੌਕੇ ਉੱਤੇ ਆਪਣੀ ਖੁਸ਼ੀ ਨੂੰ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ਦੇ ਨਾਅਰਿਆਂ ਨਾਲ ਪ੍ਰਗਟ ਕੀਤਾ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਵਰਗ ਦੀਆਂ ਲੋਕਾਂ ਨੇ ਇਸ ਖੁਸ਼ੀ ਵਿਚ ਹਿੱਸਾ ਲਿਆ। ਔਰਤਾਂ ਨੇ ਵੀ ਬਹੁਤ ਉਤਸਾਹ ਨਾਲ ਭਾਗ ਲਿਆ ਅਤੇ ਗੁਰੂ ਘਰ ਦੀ ਸੇਵਾ ਵਿਚ ਲੱਗੀਆਂ ਰਹੀਆਂ।ਇਸ ਮੌਕੇ ਉੱਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਹੋਰ ਆਗੂਆਂ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਉੱਤੇ ਚੱਲਣ ਦੀ ਗੱਲ ਕੀਤੀ ਅਤੇ ਸਭ ਨੂੰ ਏਕਤਾ ਅਤੇ ਸੇਵਾ ਦਾ ਸੁਨੇਹਾ ਦਿੱਤਾ। ਪਲਾਜ਼ਾ ਵਿਚ ਲੰਗਰ ਦੀ ਵੀ ਵਿਵਸਥਾ ਕੀਤੀ ਗਈ ਸੀ, ਜਿਸ ਵਿਚ ਹਜ਼ਾਰਾਂ ਸੰਗਤਾਂ ਨੇ ਗੁਰੂ ਕਾ ਲੰਗਰ ਛੱਕਿਆ। ਇਸ ਲੰਗਰ ਵਿਚ ਪੰਜਾਬੀ ਵਿਸ਼ੇਸ਼ ਭੋਜਨ ਅਤੇ ਮਿਠਾਈਆਂ ਸ਼ਾਮਲ ਸਨ।

Cee7 news **ਇਸਲਾਮਾਬਾਦ ਗੱਲਬਾਤ ਦੌਰਾਨ ਸਾਹਮਣੇ ਆਈ ਖ਼ੌਫ਼ਨਾਕ ਤਸਵੀਰ ਨੇ ਪੂਰੀ ਦੁਨੀਆਂ ਨੂੰ ਹਿਲਾ ਕੇ ਰੱਖਿਆ**

# ਇਰਾਨ-ਅਮਰੀਕਾ ਜੰਗਬੰਦੀ ਗੱਲਬਾਤਾਂ: ਸ਼ਾਂਤੀ ਦੀਆਂ ਉਮੀਦਾਂ ਵਿਚਾਲੇ ਮੀਨਾਬ ਦੇ ਸ਼ਹੀਦ ਬੱਚਿਆਂ ਦੀਆਂ ਤਸਵੀਰਾਂ ਨੇ ਸਭ ਨੂੰ ਝੰਜੋੜਿਆ

**ਇਸਲਾਮਾਬਾਦ** ਇਸਲਾਮਾਬਾਦ ਵਿਚ ਚੱਲ ਰਹੀਆਂ ਇਰਾਨ ਅਤੇ ਅਮਰੀਕਾ ਵਿਚਾਲੇ ਜੰਗਬੰਦੀ ਗੱਲਬਾਤਾਂ ਦੇ ਵਿਚਾਲੇ ਇੱਕ ਤਸਵੀਰ ਨੇ ਪੂਰੀ ਦੁਨੀਆਂ ਨੂੰ ਸਦਮੇ ਵਿਚ ਪਾ ਦਿੱਤਾ ਹੈ। ਇਰਾਨੀ ਵਫ਼ਦ ਦੇ ਆਗੂ ਅਤੇ ਸਪੀਕਰ ਮੁਹੰਮਦ ਬਾਕਰ ਕਾਲੀਬਾਫ ਇੱਕ ਉਡਾਣ ਵਿਚ ਆਪਣੇ ਨਾਲ ਖੂਨ ਨਾਲ ਲੱਥਪੱਥ ਸਕੂਲੀ ਬੈਗ, ਛੋਟੇ ਬੱਚਿਆਂ ਦੇ ਜੁੱਤੇ, ਚਿੱਟੇ ਫੁੱਲ ਅਤੇ ਮੀਨਾਬ ਦੇ ਸ਼ਹੀਦ ਬੱਚਿਆਂ ਦੀਆਂ ਤਸਵੀਰਾਂ ਲੈ ਕੇ ਆਏ ਹਨ। ਇਸ ਤਸਵੀਰ ਨੂੰ ਦੇਖ ਕੇ ਹਰ ਕਿਸੇ ਦਾ ਦਿਲ ਰੋ ਉੱਠਿਆ ਹੈ। ਇਸ ਵਫ਼ਦ ਨੂੰ 'ਮੀਨਾਬ 168' ਦਾ ਨਾਮ ਦਿੱਤਾ ਗਿਆ ਹੈ, ਜੋ ਇਸ ਘਟਨਾ ਵਿਚ ਮਾਰੇ ਗਏ ਲਗਭਗ 168 ਬੱਚਿਆਂ ਨੂੰ ਯਾਦ ਕਰਦਾ ਹੈ।

ਦੱਖਣੀ ਇਰਾਨ ਦੇ ਕਸਬੇ ਮੀਨਾਬ ਵਿਚ 28 ਫਰਵਰੀ ਨੂੰ 'ਸ਼ਜਰੇਹ ਤੈਯਬਾ' ਗਰਲਜ਼ ਐਲੀਮੈਂਟਰੀ ਸਕੂਲ ਉੱਤੇ ਹੋਏ ਕਥਿਤ ਹਮਲੇ ਵਿਚ 160 ਤੋਂ ਵੱਧ ਬੱਚੀਆਂ ਅਤੇ ਬੱਚੇ ਸ਼ਹੀਦ ਹੋ ਗਏ ਸਨ। ਇਰਾਨੀ ਅਧਿਕਾਰੀਆਂ ਮੁਤਾਬਕ ਇਹ ਹਮਲਾ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ ਉੱਤੇ ਕੀਤੇ ਗਏ ਪਹਿਲੇ ਦਿਨ ਦਾ ਹਿੱਸਾ ਸੀ। ਵਿਦੇਸ਼ ਮੰਤਰੀ ਸਈਦ ਅੱਬਾਸ ਅਰਾਗਚੀ ਨੇ ਇਸ ਨੂੰ "ਠੰਢੇ ਖੂਨ ਨਾਲ ਕੀਤਾ ਗਿਆ ਕਤਲ" ਕਿਹਾ ਅਤੇ ਅਮਰੀਕਾ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਨੇ ਸਮੂਹਿਕ ਕਬਰਾਂ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ ਨੇ ਲੋਕਾਂ ਦੇ ਮਨ ਵਿਚ ਡੂੰਘਾ ਦੁਖ ਅਤੇ ਗੁੱਸਾ ਪੈਦਾ ਕੀਤਾ ਹੈ। ਇਰਾਨੀ ਸਪੀਕਰ ਕਾਲੀਬਾਫ ਨੇ ਸੋਸ਼ਲ ਮੀਡੀਆ 'X' ਉੱਤੇ ਇੱਕ ਤਸਵੀਰ ਸਾਂਝੀ ਕੀਤੀ ਹੈ, ਜਿਸ ਵਿਚ ਉਹ ਇਨ੍ਹਾਂ ਖੂਨੀ ਬੈਗਾਂ ਅਤੇ ਬੱਚਿਆਂ ਦੀਆਂ ਫੋਟੋਆਂ ਵੱਲ ਗੰਭੀਰਤਾ ਨਾਲ ਦੇਖ ਰਹੇ ਹਨ। ਉਨ੍ਹਾਂ ਨੇ ਲਿਖਿਆ, "ਇਸ ਫਲਾਈਟ ਵਿਚ ਮੇਰੇ ਸਾਥੀ #Minab168"। ਇਸ ਤੋਂ ਇਲਾਵਾ ਦੱਖਣੀ ਅਫਰੀਕਾ ਵਿਚ ਇਰਾਨੀ ਦੂਤਾਵਾਸ ਨੇ ਵੀ ਬਿਆਨ ਜਾਰੀ ਕੀਤਾ ਕਿ "ਅਸੀਂ ਮੀਨਾਬ ਦੇ ਬੱਚਿਆਂ ਨੂੰ ਕਦੇ ਨਹੀਂ ਭੁੱਲਾਂਗੇ"। ਇਹ ਤਸਵੀਰਾਂ ਅਤੇ ਇਹਨਾਂ ਦੀਆਂ ਕਹਾਣੀਆਂ ਨੇ ਸਾਰੀ ਇਰਾਨੀ ਕੌਮ ਨੂੰ ਇੱਕਜੁੱਟ ਕਰ ਦਿੱਤਾ ਹੈ ਅਤੇ ਦੁਨੀਆਂ ਭਰ ਵਿਚ ਸਹਾਨੁਭੂਤੀ ਦੀ ਲਹਿਰ ਚੱਲ ਰਹੀ ਹੈ।



ਯੂਨਾਈਟਿਡ ਨੇਸ਼ਨਜ਼ ਅਤੇ ਹੋਰ ਸੰਸਥਾਵਾਂ ਤੋਂ ਵੀ ਇਸ ਬਾਰੇ ਜਾਂਚ ਦੀ ਮੰਗ ਉਠ ਰਹੀ ਹੈ।

ਇਸ ਤ੍ਰਾਸਦੀ ਦੇ ਵਿਚਾਲੇ ਹੀ ਇਸਲਾਮਾਬਾਦ ਵਿਚ ਇਰਾਨ ਅਤੇ ਅਮਰੀਕਾ ਵਿਚਾਲੇ ਗੱਲਬਾਤਾਂ ਚੱਲ ਰਹੀਆਂ ਹਨ। ਇਰਾਨ ਵੱਲੋਂ 10 ਨੁਕਾਤੀ ਜੰਗਬੰਦੀ ਯੋਜਨਾ ਪੇਸ਼ ਕੀਤੀ ਗਈ ਹੈ, ਜਿਸ ਉੱਤੇ ਚਰਚਾ ਹੋ ਰਹੀ ਹੈ। ਇਰਾਨੀ ਵਫ਼ਦ ਵਿਚ ਸਪੀਕਰ ਮੁਹੰਮਦ ਬਾਕਰ ਕਾਲੀਬਾਫ ਅਤੇ ਵਿਦੇਸ਼ ਮੰਤਰੀ ਸਈਦ ਅੱਬਾਸ ਅਰਾਗਚੀ ਸ਼ਾਮਲ ਹਨ। ਅਮਰੀਕੀ ਪੱਖ ਤੋਂ ਉਪ ਰਾਸ਼ਟਰਪਤੀ ਜੇਡੀ ਵਾਂਸ, ਵਿਸ਼ੇਸ਼ ਦੂਤ ਸਟੀਵ ਵਿਟਕੋਫ ਅਤੇ ਜੇਰੇਡ ਕੁਸ਼ਨਰ ਵਰਗੀਆਂ ਹਸਤੀਆਂ ਦੀ ਭਾਗੀਦਾਰੀ ਦੀ ਉਮੀਦ ਹੈ। ਇਹ ਗੱਲਬਾਤਾਂ 2011 ਤੋਂ ਬਾਅਦ ਪਾਕਿਸਤਾਨ ਵਿਚ ਅਮਰੀਕੀ ਉਪ ਰਾਸ਼ਟਰਪਤੀ ਦੀ ਪਹਿਲੀ ਯਾਤਰਾ ਵੀ ਹੈ। ਪਾਕਿਸਤਾਨੀ ਆਗੂਆਂ ਨੇ ਵਫ਼ਦ ਦਾ ਭਰਪੂਰ ਸਵਾਗਤ ਕੀਤਾ ਹੈ। ਵਿਦੇਸ਼ ਮੰਤਰੀ ਇਸਹਾਕ ਡਾਰ, ਸਪੀਕਰ ਸਰਦਾਰ ਅਯਾਜ਼ ਸਾਦਿਕ ਅਤੇ ਫੌਜ ਮੁਖੀ ਐਜਨਰਲ ਅਸੀਮ ਮੁਨੀਰ ਨੇ ਇਰਾਨੀ ਵਫ਼ਦ ਨਾਲ ਮੁਲਾਕਾਤਾਂ ਕੀਤੀਆਂ। ਇਹ ਗੱਲਬਾਤਾਂ ਮੱਧ ਪੂਰਬ ਵਿਚ ਤਣਾਅ ਘਟਾਉਣਅਤੇ ਸਥਾਈ ਸ਼ਾਂਤੀ ਸਥਾਪਤ ਕਰਨ ਲਈ ਮਹੱਤਵਪੂਰਨ ਮੰਨੀਆਂ ਜਾ ਰਹੀਆਂ ਹਨ। ਇਰਾਨ ਵੱਲੋਂ ਇਸ ਯੋਜਨਾ ਨੂੰ ਤਹਿਰਾਨ ਤੋਂ ਤਿਆਰ ਕੀਤਾ ਗਿਆ ਹੈ, ਜਿਸ ਵਿਚ ਜੰਗਬੰਦੀ ਤੋਂ ਇਲਾਵਾ ਹੋਰ ਮੁੱਦਿਆਂ ਉੱਤੇ ਵੀ ਚਰਚਾ ਹੋਣੀ ਹੈ।ਮੀਨਾਬ ਦੀ ਘਟਨਾ ਨੇ ਦੁਨੀਆਂ ਭਰ ਵਿਚ ਬਹਿਸ ਛੇੜ ਦਿੱਤੀ ਹੈ। ਇੱਕ ਪਾਸੇ ਇਰਾਨ ਇਸ ਨੂੰ ਅਮਰੀਕਾ-ਇਜ਼ਰਾਈਲ ਦਾ ਬਰਬਰ ਹਮਲਾ ਦੱਸ ਰਿਹਾ ਹੈ ਤਾਂ ਦੂਜੇ ਪਾਸੇ ਇਸ ਦਾਅਵਿਆਂ ਦੀ ਸੁਤੰਤਰ ਪੁਸ਼ਟੀ ਅਜੇ ਤੱਕ ਨਹੀਂ ਹੋਈ ਹੈ। ਫਿਰ ਵੀ ਬੱਚਿਆਂ ਦੀਆਂ ਤਸਵੀਰਾਂ ਅਤੇ ਖੂਨੀ ਸਕੂਲੀ ਬੈਗਾਂ ਨੇ ਲੋਕਾਂ ਦੇ ਦਿਲਾਂ ਵਿਚ ਡੂੰਘਾ ਅਸਰ ਛੱਡਿਆ ਹੈ। ਬੱਚੇ ਭਵਿੱਖ ਦੀ ਉਮੀਦ ਹੁੰਦੇ ਹਨ ਅਤੇ ਉਨ੍ਹਾਂ ਦਾ ਅਜਿਹਾ ਖਾਤਮਾ ਕਿਸੇ ਵੀ ਇਨਸਾਨੀਅਤ ਨੂੰ ਝੰਜੋੜ ਦਿੰਦਾ ਹੈ।ਇਸ ਘਟਨਾ ਨੇ ਇਰਾਨੀ ਲੋਕਾਂ ਵਿਚ ਰਾਸ਼ਟਰੀ ਏਕਤਾ ਵਧਾਈ ਹੈ।

**Cee7 News** **ਵ੍ਰਿੰਦਾਵਨ ਦਰਸ਼ਨਾਂ ਨੂੰ ਗਏ ਪੰਜਾਬ ਦੇ 10 ਤੋਂ ਵੱਧ ਸ਼ਰਧਾਲੂਆਂ ਦੀ ਭਿਆਨਕ ਹਾਦਸੇ ਵਿੱਚ ਮੌਤ ਅਤੇ ਕਈ ਲਾਪਤਾ**

# ਵ੍ਰਿੰਦਾਵਨ ਬੋਟ ਤ੍ਰਾਸਦੀ: ਪੰਜਾਬ ਵਿੱਚ ਸੋਗ ਦੀ ਲਹਿਰ, ਨੌਂ ਲਾਸ਼ਾਂ ਦੀ ਅੰਤਿਮ ਯਾਤਰਾ ਦੀਆਂ ਤਿਆਰੀਆਂ ਜਾਰੀ

ਵ੍ਰਿੰਦਾਵਨ ਵਿੱਚ ਯਮੁਨਾ ਨਦੀ ਵਿੱਚ ਬੋਟ ਡੁੱਬਣ ਦੀ ਤ੍ਰਾਸਦੀ ਨੇ ਪੂਰੇ ਪੰਜਾਬ ਨੂੰ ਸੋਗ ਵਿੱਚ ਡੁਬੋ ਦਿੱਤਾ ਹੈ। ਸ਼ੁੱਕਰਵਾਰ ਨੂੰ ਵਾਪਰੀ ਇਸ ਘਟਨਾ ਵਿੱਚ ਲਗਭਗ ੧੦ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਕਈ ਲਾਪਤਾ ਹਨ। ਇਹ ਯਾਤਰੀ ਪੰਜਾਬ ਤੋਂ ਭਗਵਾਨ ਕ੍ਰਿਸ਼ਨ ਦੀ ਭੂਮੀ ਵ੍ਰਿੰਦਾਵਨ ਦਰਸ਼ਨ ਲਈ ਗਏ ਸਨ। ਜਗਰਾਓਂ ਤੋਂ ਸ਼ੁਰੂ ਹੋਈ ਇਹ ਤੀਰਥ ਯਾਤਰਾ ਇੱਕ ਖੌਫਨਾਕ ਦੁਖਾਂਤ ਵਿੱਚ ਬਦਲ ਗਈ।

ਘਟਨਾ ਇਸ ਤਰ੍ਹਾਂ ਵਾਪਰੀ ਕਿ ਯਮੁਨਾ ਨਦੀ ਦੇ ਕੇਸੀ ਘਾਟ ਨੇੜੇ ਯਾਤਰੀਆਂ ਨਾਲ ਭਰੀ ਬੋਟ ਇੱਕ ਪੌਂਟੂਨ ਬ੍ਰਿਜ ਨਾਲ ਟਕਰਾ ਗਈ ਅਤੇ ਉਲਟ ਗਈ। ਬੋਟ ਵਿੱਚ ਲਗਭਗ ੩੦ ਤੋਂ ਵੱਧ ਯਾਤਰੀ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਲੁਧਿਆਣਾ ਅਤੇ ਜਗਰਾਓਂ ਇਲਾਕੇ ਦੇ ਸਨ। ਬਚਾਅ ਕਾਰਜ ਵਿੱਚ ਪੁਲਿਸ, ਐੱਸਡੀਆਰਐੱਫ ਅਤੇ ਸਥਾਨਕ ਲੋਕਾਂ ਨੇ ਹਿੱਸਾ ਲਿਆ। ਇਸ ਘਟਨਾ ਵਿੱਚ ਰਾਕੇਸ਼ ਗੁਲਾਟੀ, ਉਨ੍ਹਾਂ ਦੀ ਪਤਨੀ ਅੰਜੂ ਗੁਲਾਟੀ, ਮੀਨੂ ਬੰਸਲ, ਕਵਿਤਾ ਬਹਿਲ, ਚਰਨਜੀਤ, ਪਿੰਕੀ ਬਹਿਲ, ਇਸ਼ਾਨ ਕਟਾਰੀਆ ਅਤੇ ਹੋਰਾਂ ਸਮੇਤ ਕਈ ਲੋਕਾਂ ਦੀ ਮੌਤ ਹੋ ਗਈ। ਇੱਕ ਪਰਿਵਾਰ ਤੋਂ ਇੱਕੋ ਵਾਰੀ ਸੱਤ ਮੈਂਬਰਾਂ ਦਾ ਇਸ ਤ੍ਰਾਸਦੀ ਵਿੱਚ ਵੱਡਾ ਨੁਕਸਾਨ ਹੋਇਆ ਹੈ।

ਲੁਧਿਆਣਾ ਦੇ ਦੁਗਰੀ ਫੇਜ਼-੨ ਵਿੱਚ ਰਾਕੇਸ਼ ਗੁਲਾਟੀ, ਅੰਜੂ ਗੁਲਾਟੀ ਅਤੇ ਮੀਨੂ ਬੰਸਲ ਦੀਆਂ ਲਾਸ਼ਾਂ ਪਹੁੰਚ ਚੁੱਕੀਆਂ ਹਨ। ਜਗਰਾਓਂ ਵਿੱਚ ਕਵਿਤਾ ਬਹਿਲ, ਚਰਨਜੀਤ, ਪਿੰਕੀ ਬਹਿਲ ਅਤੇ ਇਸ਼ਾਨ ਕਟਾਰੀਆ ਦੀਆਂ ਲਾਸ਼ਾਂ ਆ ਗਈਆਂ ਹਨ। ਇਨ੍ਹਾਂ ਨੌਂ ਲਾਸ਼ਾਂ ਦੀ ਅੰਤਿਮ ਯਾਤਰਾ ਲਈ ਤਿਆਰੀਆਂ ਜੋਰਾਂ ਤੇ ਹਨ। ਪਰਿਵਾਰਕ ਮੈਂਬਰ ਰੋ ਰੋ ਕੇ ਬੁਰਾ ਹਾਲ ਹਨ। ਇੱਕ ਲਾਸ਼ ਬਿਵਾਨੀ (ਹਰਿਆਣਾ) ਵਿੱਚ ਸਸਕਾਰ ਲਈ ਭੇਜੀ ਜਾਵੇਗੀ। ਅਜੇ ਵੀ ਕਈ ਲਾਪਤਾ ਹਨ ਅਤੇ ਖੋਜੀਆਂ ਜਾਰੀ ਹੈ। ਜਗਰਾਓਂ, ਮੋਗਾ ਅਤੇ ਲੁਧਿਆਣਾ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਬਾਜ਼ਾਰ ਬੰਦ ਹਨ, ਲੋਕ ਘਰਾਂ ਵਿੱਚ ਬੈਠੇ ਰੋ ਰਹੇ ਹਨ। ਇਸ ਘਟਨਾ ਨੂੰ ਜਗਰਾਓਂ ਲਈ ਇੱਕ ਕਾਲਾ ਦਿਨ ਦੱਸਿਆ ਗਿਆ ਹੈ। ਐੱਮਐੱਲਏ ਸਰਵਜੀਤ ਕੌਰ ਮਾਨੂਕੇ ਨੇ ਕਿਹਾ ਕਿ ਭਗਵਾਨ ਦੀ ਖੋਜ ਵਿੱਚ ਗਏ ਲੋਕ ਇਸ ਤਰ੍ਹਾਂ ਖੋਇਆ ਜਾਣਾ ਬਹੁਤ ਵੱਡਾ ਦੁਖ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਪ੍ਰਭਾਵਿਤ ਪਰਿਵਾਰਾਂ ਨਾਲ ਦੁਖ ਸਾਂਝਾ ਕਰਨ ਆਉਣ ਵਾਲੇ ਹਨ ਅਤੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣਗੇ।



ਇਸ ਤ੍ਰਾਸਦੀ ਨੇ ਪੂਰੇ ਪੰਜਾਬ ਨੂੰ ਹਿਲਾ ਦਿੱਤਾ ਹੈ। ਲੋਕਾਂ ਵਿੱਚ ਗੁੱਸਾ ਵੀ ਹੈ ਕਿ ਬੋਟਿੰਗ ਲਈ ਸੁਰੱਖਿਆ ਦੇ ਇੰਤਜ਼ਾਮ ਕਿਉਂ ਨਾ ਰੱਖੇ ਗਏ। ਯਾਤਰੀਆਂ ਨੇ ਆਪਣੀ ਜਾਨ ਗਵਾਈ ਪਰ ਇਸ ਤੋਂ ਬਾਅਦ ਵੀ ਸੁਰੱਖਿਆ ਉਪਾਅ ਤੇ ਸਵਾਲ ਉਠ ਰਹੇ ਹਨ। ਪਰਿਵਾਰਕ ਮੈਂਬਰ ਆਪਣੇ ਅਜ਼ੀਜ਼ਾਂ ਨੂੰ ਆਖਰੀ ਵਿਦਾਈ ਦੇਣ ਲਈ ਤਿਆਰ ਹਨ। ਇਹ ਘਟਨਾ ਯਾਦ ਰਹਿਣ ਵਾਲੀ ਰਹੇਗੀ।ਪੰਜਾਬ ਵਾਸੀਆਂ ਨੇ ਇੱਕਜੁੱਟਤਾ ਨਾਲ ਸੋਗ ਮਨਾਇਆ ਹੈ। ਇਸ ਤ੍ਰਾਸਦੀ ਵਿੱਚ ਮਰਨ ਵਾਲਿਆਂ ਨੂੰ ਸ਼ਾਂਤੀ ਮਿਲੇ ਅਤੇ ਪਰਿਵਾਰਾਂ ਨੂੰ ਇਸ ਦੁਖ ਨੂੰ ਸਹਿਣ ਦੀ ਤਾਕਤ ਮਿਲੇ। ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਸਖ਼ਤ ਸੁਰੱਖਿਆ ਉਪਾਅ ਲਾਗੂ ਕੀਤੇ ਜਾਣ ਚਾਹੀਦੇ ਹਨ ਤਾਂ ਜੋ ਕੋਈ ਵੀ ਧਾਰਮਿਕ ਯਾਤਰਾ ਦੁਖਾਂਤ ਵਿੱਚ ਨਾ ਬਦਲੇ।


**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**9463661542, cee7news@gmail.com**

## "ਅਨੁਸ਼ਾਸਨ ਦੀ ਕਦਰ ਕਰਨਾ ਚੰਗੀ ਗੱਲ ਹੈ ਪਰ ਅਨੁਸ਼ਾਸਨ ਦੇ ਪ੍ਰਤੀ ਸਮਰਪਿਤ ਹੋਣਾ ਉਸ ਤੋਂ ਵੀ ਵਧੀਆ ਗੱਲ ਹੈ।"



"ਅਨੁਸ਼ਾਸਨ ਦੀ ਕਦਰ ਕਰਨਾ ਚੰਗੀ ਗੱਲ ਹੈ ਪਰ ਅਨੁਸ਼ਾਸਨ ਦੇ ਪ੍ਰਤੀ ਸਮਰਪਿਤ ਹੋਣਾ ਉਸ ਤੋਂ ਵੀ ਵਧੀਆ ਗੱਲ ਹੈ।" ਮਤਲਬ ਕਿ ਤੁਸੀਂ ਅਨੁਸਾਸ਼ਨ ਨੂੰ ਚੰਗਾ ਅਤੇ ਉਸਦੇ ਮਹੱਤਵ ਨੂੰ ਸਮਝਦੇ ਹੋ ਕਿ ਇਹ ਜ਼ਿੰਦਗੀ ਵਿੱਚ ਹੋਣਾ ਜਰੂਰੀ ਹੈ ਪਰ ਜਿੰਨੀ ਦੇਰ ਇਸਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਉਂਦੇ ਨਹੀਂ ਓਨੀ ਦੇਰ ਉਸਦਾ ਕੋਈ ਫਾਇਦਾ ਨਹੀਂ। ਅਨੁਸਾਸ਼ਨ ਸ਼ੁਰੂਆਤ ਵਿੱਚ ਔਖਾ ਜਰੂਰ ਲੱਗਦਾ ਹੈ ਪਰ ਜਦੋਂ ਅਸੀਂ ਇਸ ਨੂੰ ਅਪਣਾਉਂਦੇ ਹਾਂ ਤਾਂ ਇਹ ਸਾਡੀ ਜ਼ਿੰਦਗੀ ਨੂੰ ਇੱਕ ਤਰਤੀਬ ਅਤੇ ਨਵੀਂ ਦਿਸ਼ਾ ਦਿੰਦਾ ਹੈ। ਜਿਸ ਨਾਲ ਅਸੀਂ ਦੂਜਿਆਂ ਨੂੰ ਵੀ ਪ੍ਰਭਾਵਿਤ ਕਰਨ ਵਿੱਚ ਸਫਲ ਹੁੰਦੇ ਹਾਂ ਕਿਉਂਕਿ ਅਨੁਸ਼ਾਸਨ ਵਿੱਚ ਢਲਿਆ ਹੋਇਆ ਕਿਰਦਾਰ ਬਹੁਤ ਪ੍ਰਭਾਵਸ਼ਾਲੀ ਹੁੰਦਾ ਹੈ।✍️ਹਰਵਿੰਦਰ ਕੌਰ ਕਾਹਲੋਂ

## ਕੀ ਇੱਕ ਇਕੱਲਾ ਇਨਸਾਨ ਚਾਰ ਦਹਾਕਿਆਂ ਤੱਕ ਦੁਨੀਆਂ ਦੀ ਸਭ ਤੋਂ ਵੱਡੀਆ ਮਹਾਂਸ਼ਕਤੀਆਂ ਨੂੰ ਚੁਣੌਤੀ ਦੇ ਸਕਦਾ ਹੈ?




ਕੀ ਇੱਕ ਇਕੱਲਾ ਇਨਸਾਨ ਚਾਰ ਦਹਾਕਿਆਂ ਤੱਕ ਦੁਨੀਆਂ ਦੀ ਸਭ ਤੋਂ ਵੱਡੀਆ ਮਹਾਂਸ਼ਕਤੀਆਂ ਨੂੰ ਚੁਣੌਤੀ ਦੇ ਸਕਦਾ ਹੈ? ਕੀ ਪਾਬੰਦੀਆਂ ਦੀ ਅੱਗ ਵਿੱਚ ਝੁਲਸਦਾ ਹੋਇਆ ਇੱਕ ਰਾਸ਼ਟਰ ਆਧੁਨਿਕ ਤਕਨਾਲੋਜੀ ਦਾ ਸਿਰਮੌਰ ਬਣ ਸਕਦਾ ਹੈ? ਜ਼ਿੰਦਾ ਸ਼ਹੀਦ ਆਇਤੁੱਲਾ ਅਲੀ ਖਾਮੇਨੇਈ ਦੇ ਉਸ ਹੈਰਾਨੀ ਜਨਕ ਜੀਵਨ ਦਾ ਦਸਤਾਵੇਜ ਹੈ ਜਿਸਨੇ 1979 ਦੀ ਕ੍ਰਾਂਤੀ ਦੀ ਲਾਟ ਨੂੰ ਜੋ 2026 ਦੇ ਮਹਾਂਯੁੱਧ ਤੱਕ ਇੱਕ ਮਸ਼ਾਲ ਬਣਾ ਕੇ ਰੱਖਿਆ।

ਇਹ ਦਾਸਤਾਨ ਹੈ ਇੱਕ ਅਜਿਹੇ ਦਰਵੇਸ਼ ਦੀ ਜਿਸ ਦਾ ਘਰ ਇੱਕ ਕੁਟੀਆ ਵਰਗਾ ਸੀ ਪਰ ਜਿਸਦੀ ਇੱਕ ਹੁੰਕਾਰ ਨਾਲ ਵਾਈਟ ਹਾਊਸ ਦੀਆਂ ਕੰਧਾਂ ਕੰਬਦੀਆਂ ਸਨ ।ਮਸ਼ਹਦ ਦੇ ਇੱਕ ਗਰੀਬ ਪਰਿਵਾਰ ਵਿੱਚ ਜਨਮ ਲੈਣ ਵਾਲੇ ਉਸ ਬਾਲਕ ਤੋਂ ਲੈ ਕੇ ਬੈਤ ਏ ਰਹਿਬਰੀ ਦੇ ਉਸ ਗ੍ਰੈਂਡ ਮਾਸਟਰ ਤੱਕ ਦਾ ਸਫਰ ਜਿਸ ਨੇ ਰੂਸ ਅਤੇ ਚੀਨ ਨਾਲ ਮਿਲ ਕੇ ਨਵੀਂ ਵਿਸ਼ਵ ਵਿਵਸਥਾ ਦੀ ਨੀਹ ਰੱਖੀ।

ਇਹ ਕਿਤਾਬ ਤੁਹਾਨੂੰ ਲੈ ਜਾਵੇਗੀ ਉਨਾ ਖੌਫਨਾਕ ਜੰਗ ਦੇ ਮੈਦਾਨਾਂ ਵਿੱਚ ਜਿੱਥੇ ਜਨਰਲ ਕਾਸਿਮ ਸੁਲੇਮਾਨੀ ਨੇ ਪ੍ਰਤੀਰੋਧ ਦੀ ਧੁਰੀ ਤਿਆਰ ਕੀਤੀ ਉਹਨਾਂ ਪ੍ਰਯੋਗਸ਼ਾਲਾਵਾਂ ਵਿੱਚ ਜਿੱਥੇ ਵਿਗਿਆਨਕ ਜਿਹਾਦ ਨੇ ਪਰਮਾਣੂ ਮਾਣ ਹਾਸਿਲ ਕੀਤਾ ਅਤੇ ਅੰਤ ਵਿੱਚ 28 ਫਰਵਰੀ 2026 ਦੀ ਉਸ ਪਰਲੋਕ ਕਾਰੀ ਸਵੇਰ ਵਿੱਚ ਜਿੱਥੇ ਇੱਕ ਮਹਾਨ ਸ਼ਹਾਦਤ ਨੇ ਦੁਨੀਆਂ ਨੂੰ ਤੀਜੇ ਵਿਸ਼ਵ ਯੁੱਧ ਦੇ ਮੁਹਾਨੇ ਤੇ ਲਿਆ ਖੜਾ ਕੀਤਾ।ਇਤਿਹਾਸ ਦੇ ਪੰਨਿਆਂ ਤੋਂ ਲੈ ਕੇ ਵਰਤਮਾਨ ਦੀ ਅੱਗ ਤੱਕ ਇਹ ਇੱਕ ਅਜਿਹੇ ਰਹਿਨੁਮਾ ਦੀ ਅਣਕਹੀ ਕਹਾਣੀ ਹੈ ਜਿਸ ਨੂੰ ਮੌਤ ਵੀ ਖਾਮੋਸ਼ ਨਹੀਂ ਕਰ ਸਕੀ।ਕਿਤਾਬ ਮੰਗਵਾਉਣ ਲਈ ਆਪਣਾ ਐਡਰੈੱਸ 8307007508 ਤੇ ਵ੍ਹਟਸਐਪ ਕਰੋ ।

ਕਿਤਾਬ: ਜ਼ਿੰਦਾ ਸ਼ਹੀਦ ਅਲੀ ਖ਼ਾਮਨੇਈ

ਕੀਮਤ:325/-

## ਗ਼ਜ਼ਲ // ਹਰਮੀਤ ਵਿਦਿਆਰਥੀ



ਦਿਨ ਨੂੰ ਗੇੜ ਗੂੜ ਕੇ ਆਥਣ ਤੀਕ ਪੁਚਾਵਾਂਗਾ
ਫ਼ਿਰ ਨ੍ਹੇਰੇ ਵਿੱਚ ਬਹਿ ਕੇ ਆਪਣਾ ਦੁੱਖ ਸੁਣਾਵਾਂਗਾ
ਨਾਲ ਮੇਰੇ ਉਹ ਲੜ ਕੇ ਚਲਾ ਗਿਆ ਸੀ ਸ਼ਾਮ ਢਲੇ
ਦਿਨ ਚੜ੍ਹਦੇ ਤੱਕ ਏਸੇ ਦੁੱਖ ਵਿੱਚ ਅਸ਼ਕ ਵਹਾਵਾਂਗਾ
ਬੰਜਰ ਰਹਿ ਕੇ ਥੱਕ ਗਿਆ ਹਾਂ, ਪਰ ਹੁਣ ਸੋਚ ਲਿਐ
ਖ਼ੁਦ ਨੂੰ ਸਿੰਜਣ ਖ਼ਾਤਰ ਨਦੀ ਨੂੰ ਕੋਲ ਬੁਲਾਵਾਂਗਾ
ਬੁੱਲ੍ਹੇ ਸ਼ਾਹ ਨੇ ਜਾਚ ਸਿਖਾਈ ਕਾਹਦੀਆਂ ਫ਼ਿਰ ਸ਼ਰਮਾਂ
ਦੁਨੀਆਂ ਭਾਵੇਂ ਰੋਕੇ, ਨੱਚ ਕੇ ਯਾਰ ਮਨਾਵਾਂਗਾ
ਪਾ ਲੈਣੀ ਹੈ ਮੰਜ਼ਿਲ ਉਸ, ਉਹ ਹੈ ਰਾਹ ਤੋਂ ਜਾਣੂ
ਮੈਂ ਲਫ਼ਜ਼ਾਂ ਵਿੱਚ ਸਫ਼ਰਾਂ ਦੀ ਤਸਵੀਰ ਬਣਾਵਾਂਗਾ

## (ਕਲਮ ਦੀ ਤਾਕਤ) ਸੰਗੀਤ ਦਾ ਰੂਹ ਨਾਲ ਅਟੁੱਟ ਸੰਬੰਧ ਹੈ ਇਹ ਯੁਗਾਂ ਜੁਗਾਂਤਰਾਂ ਤੋਂ ਚਲੀ ਆ ਰਹੀ ਅਟੱਲ ਸੱਚਾਈ ਹੈ।

# "ਅਸਲੀ ਰੂਹ ਦੀ ਖ਼ੁਰਾਕ ਹੁੰਦਾ ਹੈ ਸੰਗੀਤ"



ਸੰਗੀਤ ਦਾ ਰੂਹ ਨਾਲ ਅਟੁੱਟ ਸੰਬੰਧ ਹੈ ਇਹ ਯੁਗਾਂ ਜੁਗਾਂਤਰਾਂ ਤੋਂ ਚਲੀ ਆ ਰਹੀ ਅਟੱਲ ਸੱਚਾਈ ਹੈ। ਨੱਚਣਾ ਗਾਉਣਾ ਪੰਜਾਬੀਆਂ ਦੀ ਰੂਹ ਦੀ ਖੁਰਾਕ ਹੈ ਇਸੇ ਕਰਕੇ ਆਮ ਹੀ ਕਿਹਾ ਜਾਂਦਾ ਹੈ ਕਿ ਪੰਜਾਬ ਦਾ ਹਰ ਇੱਕ ਬੰਦਾ ਹੀ ਕਲਾਕਾਰ ਹੈ ਇਥੋਂ ਤੱਕ ਕਿ ਉਸ ਨੂੰ ਗੁੜ੍ਹਤੀ ਵੀ ਮਾਂ ਦੀਆਂ ਸੰਗੀਤਕ ਲੋਰੀਆਂ ਦੀ ਹੀ ਮਿਲੀ ਹੈ। ਬੇਸ਼ੱਕ ਪੰਜਾਬ ਦੇ ਉੱਤੇ ਬਹੁਤ ਜਿਆਦੇ ਇਸ ਸਮੇਂ ਭਾਰੀ ਹੈ ਪਰ ਫਿਰ ਵੀ ਸੰਗੀਤ ਬਿਨਾਂ ਪੰਜਾਬੀ ਅਧੂਰੇ ਹਨ। ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਪੰਜਾਬ ਇਸ ਸਮੇਂ ਕੁਦਰਤੀ ਕਰੋਪੀ ਚੱਲ ਰਿਹਾ ਹੈ ਪਰ ਫਿਰ ਵੀ ਜੋ ਟਰੈਕਟਰ ਟਰਾਲੀਆਂ ਪਸ਼ੂਆਂ ਦੀ ਖੁਰਾਕ ਜਾਂ ਇਨਸਾਨਾਂ ਦੇ ਖਾਣ ਪੀਣ ਦੀਆਂ ਚੀਜ਼ਾਂ ਜਾ ਰਹੀਆਂ ਹਨ ਉਹਨਾਂ ਤੇ ਵੀ ਬਹੁਤ ਹੀ ਧਾਰਮਿਕ ਔਰ ਜਜਬੇ ਨੂੰ ਵਧਾਉਣ ਲਈ ਔਰ ਚੜ੍ਹਦੀ ਕਲਾ ਦੇ ਗੀਤ ਸੰਗੀਤ ਚੱਲ ਰਿਹਾ ਗੁਰੂਆਂ ਦੀ ਨਸੀਹਤ ਵਾਲੇ ਗੁਰੂ ਬਾਣੀ ਦੇ ਨਾਲ ਸਬੰਧਿਤ ਚੜ੍ਹਦੀ ਕਲਾ ਦੇ ਵਿੱਚ ਰਹਿਣ ਵਾਲਾ ਸੰਗੀਤ ਗੂੰਜ ਰਿਹਾ ਹੈ। ਸਾਰੇ ਪੰਜਾਬ ਵਾਸੀ ਇਕ ਦੂਜੇ ਦੀ ਮਦਦ ਕਰ ਰਹੇ ਹਨ ਕੋਈ ਜਰੂਰੀ ਨਹੀਂ ਕਿ ਸੰਗੀਤ ਬਹੁਤ ਮਾੜ੍ਹਾ ਜਾਂ ਲੱਚਰਤਾ ਭਰਪੂਰ ਹੋਵੇ। ਬਹੁਤ ਉੱਚ ਕੋਟੀ ਦਾ ਔਰ ਜਜ਼ਬਾ ਭਰਨ ਵਾਲਾ ਗੁਰਬਾਣੀ ਨਾਲ ਸਬੰਧਤ ਵੀ ਸੰਗੀਤ ਬਹੁਤ ਮਾਅਨੇ ਰੱਖਦਾ ਹੈ ਔਰ ਉਹ ਸੰਗੀਤ ਤੋਂ ਬਿਨਾਂ ਆਪਾਂ ਸਾਰੇ ਹੀ ਅਧੂਰੇ ਹਾਂ। ਪੰਜਾਬੀ ਸੱਭਿਆਚਾਰ ਭਾਰਤ ਦੇਸ਼ ਦੇ ਅਮੀਰ ਵਿਰਸੇ ਵਜੋਂ ਜਾਣਿਆ ਜਾਂਦਾ ਹੈ ਅਤੇ ਸੰਗੀਤ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

ਕਿਸੇ ਵੀ ਇਲਾਕੇ ਦੀ ਪਛਾਣ ਉਥੋਂ ਦੇ ਰਹਿਣ ਸਹਿਣ ਖਾਣ ਪੀਣ ਲੋਕ ਕਲਾਵਾਂ ਲੋਕ ਨਾਚਾਂ ਆਦਿ ਤੋ ਸਹਿਜੇ ਹੀ ਲਗਾਈ ਜਾ ਸਕਦੀ ਹੈ। ਕਿਸੇ ਵੀ ਇਲਾਕੇ ਦੀ ਤਰੱਕੀ ਦਾ ਧੁਰਾ ਉਥੋਂ ਦਾ ਸੰਗੀਤ ਰਹਿਣ ਸਹਿਣ ਖਾਣ ਪੀਣ ਹੀ ਹੁੰਦਾ ਹੈ। ਉਹ ਸੰਗੀਤ ਹੀ ਕੀ ਹੋਇਆ ਜਿਸ ਨੂੰ ਸੁਣ ਕੇ ਪੰਛੀਆਂ ਦੇ ਕੰਨ ਖੜੇ ਨਾ ਹੋ ਜਾਣ ਦਰਿਆਵਾਂ ਦੀ ਛੱਲਾਂ ਕਿਨਾਰਿਆਂ ਨਾਲ ਟਕਰਾਉਣ ਲਈ ਤਤਪਰ ਨਾ ਹੋ ਜਾਣ। ਪੂਰੀ ਸ੍ਰਿਸ਼ਟੀ ਚ ਸੰਗੀਤ ਨਾ ਘੁਲ ਜਾਵੇ ਐਸਾ ਹੀ ਸੰਗੀਤ ਦਾ ਸਮਾਂ ਰਿਹਾ ਹੈ ਕਿਸੇ ਸਮੇਂ ਪੰਜਾਬ ਵਿੱਚ

ਜਦੋਂ ਕਿਤੇ ਪੁਰਾਤਨ ਸਮਿਆਂ ਦੇ ਵਿੱਚ ਅਖਾੜੇ ਲੱਗਦੇ ਸਨ ਤਾਂ ਵਹੀਰਾਂ ਘੱਤ ਕੇ ਲੋਕ ਆਨੰਦਿਤ ਹੋਣ ਲਈ ਪਹੁੰਚਦੇ ਸਨ। ਵਧੀਆ ਤਰੀਕੇ ਨਾਲ ਜਦੋਂ ਪੁਰਾਤਨ ਗਾਇਕ ਗਾਉਂਦੇ ਸਨ ਤਾਂ ਫਿਜ਼ਾ ਵੀ ਇੱਕ ਵਾਰ ਰੁਕ ਜਾਂਦੀ ਸੀ। ਹਰ ਅੱਖਰ ਦਾ ਕੋਈ ਮਤਲਬ ਹੁੰਦਾ ਸੀ ਲੱਚਰਤਾ ਦਾ ਕਿਤੇ ਨਾਮੋ ਨਿਸ਼ਾਨ ਨਹੀਂ ਸੀ। ਚੰਗੇ ਚੰਗੇ ਗਾਇਕਾਂ ਦੇ ਅਖਾੜੇ ਲੱਗਣੇ ਤੇ ਲੁਕਾਈ ਦੀ ਚਰੋਕਣੀ ਮੰਗ ਰੂਹਾਂ ਨੂੰ ਤ੍ਰਿਪਤ ਕਰ ਜਾਂਦੀ ਸੀ। ਧੀਆਂ ਭੈਣਾਂ ਦੇ ਵਿੱਚ ਬੈਠ ਕੇ ਸੁਣਨ ਦਾ ਭਾਵੇਂ ਬਹੁਤ ਘੱਟ ਰਿਵਾਜ ਰਿਹਾ ਹੈ ਪਰ ਅਜੋਕੇ ਸਮੇਂ ਵਾਂਗ ਇਖਲਾਕ ਤੋਂ ਗਿਰਿਆ ਕੋਈ ਵੀ ਗਾਇਕ ਨਾ ਤਾਂ ਗਾਉਂਦਾ ਸੀ ਤੇ ਨਾ ਹੀ ਕੋਈ ਸੁਣਦਾ ਸੀ। ਪੰਜਾਬ ਦੀਆਂ ਪਰੰਪਰਾ ਲੋਕ ਕਲਾਵਾਂ ਦੀ ਸਿਰਫ ਅੱਜ ਵੀ ਪੂਰੇ ਭਾਰਤ ਵਿੱਚ ਤਾਂ ਹੋ ਹੀ ਰਹੀ ਹੈ ਸਗੋਂ ਵਿਸ਼ਵ ਵਿੱਚ ਵੀ ਇਸ ਨੇ ਵੱਖਰੀ ਪਹਿਚਾਣ ਬਣਾਈ ਹੈ।

ਪੰਜਾਬ ਅੱਜ ਵੀ ਕੁਰਬਾਨੀਆਂ ਦੇ ਜਜ਼ਬੀਆਂ ਤੇ ਲੋਕ ਨਾਚਾਂ ਕਾਰਨ ਜਾਣਿਆ ਜਾਂਦਾ ਹੈ। ਪੰਜਾਬੀ ਲੋਕਾਂ ਦੀ ਜ਼ਿੰਦਗੀ ਵਿੱਚ ਜਦੋਂ ਕੋਈ ਖੁਸ਼ੀ ਦਾ ਮੌਕਾ ਆਉਂਦਾ ਹੈ ਤਾਂ ਉਹ ਨੱਚ ਕੇ ਜਾਂ ਗਾ ਕੇ ਸਾਂਝਾ ਕਰਦੇ ਹਨ ਤੇ ਖੁਸ਼ੀਆਂ ਮਨਾਉਂਦੇ ਹਨ। ਪੰਜਾਬੀਆਂ ਲਈ ਵਿਆਹਾਂ ਦਾ ਅਤੇ ਮੇਲਿਆਂ ਦੇ ਜਿੰਦਗੀ ਵਿੱਚ ਦੋ ਖਾਸ ਕਰਕੇ ਸਮੇਂ ਹੁੰਦੇ ਹਨ ਜਦੋਂ ਉਹ ਨੱਚ ਗਾ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਮਨਾਉਂਦੇ ਹਨ ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪੱਛਮੀ ਕਰਨ ਦੇ ਦੌਰ ਵਿੱਚ ਇਹਨਾਂ ਦੋਹਾਂ ਮੌਕਿਆਂ ਨੂੰ ਆਧੁਨਿਕਤਾ ਦਾ ਐਸਾ ਜੰਗਾਲ ਲੱਗ ਚੁੱਕਿਆ ਹੈ ਕਿ ਰਵਾਇਤੀ ਲੋਕ ਨਾਚਾਂ ਦੇ ਤੌਰ ਤਰੀਕੇ ਹੀ ਬਦਲ ਗਏ ਹਨ। ਪੁਰਾਤਨ ਸਮਿਆਂ ਵਿੱਚ ਕੰਮਾਂ ਦੇ ਔਖੇ ਹੋਣ ਦੇ ਬਾਵਜੂਦ ਵੀ ਲੋਕਾਂ ਕੋਲ ਕਾਫੀ ਵੇਹਲ ਹੁੰਦੀ ਸੀ ਜਿਸ ਨੂੰ ਉਹ ਨੱਚ ਗਾ ਕੇ ਗੁਜ਼ਾਰਦੇ ਸਨ। ਵਿਆਹ ਸ਼ਾਦੀ ਦੇ ਸਮੇਂ ਵਿਆਹ ਵਾਲੇ ਘਰਾਂ ਵਿੱਚ ਕਈ ਕਈ ਦਿਨ ਪਹਿਲਾਂ ਹੀ ਰੌਣਕਾਂ ਲੱਗ ਜਾਂਦੀਆਂ ਸਨ ਅਤੇ ਲੋਕ ਨਾਚਾਂ ਦਾ ਦਰਿਆ ਭੰਗੜੇ ਗਿੱਧੇ ਬੋਲੀਆਂ ਸੁਹਾਗ ਸਿੱਠਣੀਆਂ ਦੇ ਰੂਪ ਵਿੱਚ ਨਿਰੰਤਰ ਸੰਗੀਤ ਦਾ ਦਰਿਆ ਵਗਦਾ ਰਹਿੰਦਾ ਸੀ। ਇਸ ਵਿੱਚ ਕੋਈ ਵਿਖਾਵੇ ਦੀ ਝਲਕ ਨਜ਼ਰ ਨਹੀਂ ਸੀ ਪੈਂਦੀ ਸਗੋਂ ਸਭ ਕੁਝ ਦਿਲੋਂ ਕੀਤਾ ਜਾਂਦਾ ਸੀ। ਇਹ ਖੁਸ਼ੀਆਂ ਦੇ ਸਮੇਂ ਹੁਣ ਸੁੰਗੜ ਕੇ ਦਿਨਾਂ ਤੋਂ ਘੱਟ ਕੇ ਕੁਝ ਘੰਟਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ ਅਤੇ ਲੋਕ ਨਾਚਾਂ ਗੀਤਾਂ ਸਿੱਟਣੀਆਂ ਦਾ ਸਰੂਪ ਬਦਲ ਕੇ ਆਰਕੈਸਟਰਾ ਦੇ ਨੰਗੇਜ਼ ਫੋਕੀ ਸ਼ੋਹਰਤ ਪੈਸੇ ਦੇ ਵਿਖਾਵੇ ਤੇ ਸ਼ਰਾਬ ਦੇ ਲਲਕਾਰਿਆਂ ਹੇਠ ਦੱਬ ਕੇ ਰਹਿ ਗਿਆ ਹੈ। ਐਸੇ ਵਿਆਹ ਸ਼ਾਦੀਆਂ ਤੇ ਲੜਾਈ ਝਗੜੇ ਆਮ ਹੀ ਹੋ ਜਾਂਦੇ ਹਨ ਕਈ ਵਾਰ ਤਾਂ ਐਸੇ ਸਮੇਂ ਤੇ ਗੋਲੀ ਵੀ ਚਲ ਜਾਂਦੀ ਹੈ ਤੇ ਖੁਸ਼ੀਆਂ ਦੇ ਸਮੇਂ ਮਿੰਟਾਂ ਸਕਿੰਟਾਂ ਵਿੱਚ ਗਮੀ ਵਿੱਚ ਵੀ ਬਦਲ ਜਾਂਦੇ ਹਨ ਤੇ ਮੇਲੇ ਤਾਂ ਅੱਜ ਕੱਲ ਵੈਸੇ ਹੀ ਅਲੋਪ ਹੋ ਗਏ ਹਨ ਜੇਕਰ ਕਿਤੇ ਟਾਵੇਂ ਟਾਵੇਂ ਲੱਗਦੇ ਵੀ ਹਨ ਤਾਂ ਉਹਨਾਂ ਵਿੱਚੋਂ ਵੀ ਪੰਜਾਬੀ ਸੱਭਿਆਚਾਰ ਦੀ ਝਲਕ ਘੱਟ ਤੇ ਪੱਛਮੀ ਸੱਭਿਆਚਾਰ ਦੀ ਝਲਕ ਜਿਆਦਾ ਪ੍ਰਤੀਤ ਹੁੰਦੀ ਹੈ। ਵੈਸੇ ਵੀ ਮੇਲੇ ਸਿਆਸਤ ਦੀ ਭੇਟ ਚੜ ਕੇ ਪੈਸੇ ਦਾ ਖੇਲ ਹੀ ਰਹਿ ਗਿਆ ਹੈ ਹੁਣ ਮੇਲਿਆਂ ਵਿੱਚ ਸੰਮਾਂ ਵਾਲੀ ਡਾਂਗ ਦੀ ਥਾਂ ਰਾਈਫਲਾਂ ਨੇ ਲੈ ਲਈ ਹੈ ਅਤੇ ਕੋਈ ਟਾਵਾਂ ਹੀ ਮੇਲਾ ਹੋਵੇਗਾ ਜਿੱਥੇ ਕੋਈ ਲੜਾਈ ਝਗੜਾ ਨਾ ਹੁੰਦਾ ਹੋਵੇ ਜਾਂ ਕੋਈ ਕਤਲ ਵਗੈਰਾ ਨਾ ਹੁੰਦਾ ਹੋਵੇ। ਅੱਜ ਕੱਲ ਮੇਲਿਆਂ ਵਿੱਚ ਜਾ ਕੇ ਭਾਈਚਾਰਕ ਤੰਦਾਂ ਮਜਬੂਤ ਹੋਣ ਦੀ ਬਜਾਏ ਬਿਖਰ ਦੀਆਂ ਜਾ ਰਹੀਆਂ ਹਨ। ਪਵਿੱਤਰ ਮੇਲੇ ਗੰਧਲੀ ਸਿਆਸਤ ਦੀ ਭੇਟ ਚੜ ਚੁੱਕੇ ਹਨ। ਅਜੋਕਾ ਆਲਮ ਇਹ ਹੈ ਕਿ ਪੰਜਾਬੀ ਸੱਭਿਆਚਾਰ ਅਲੋਪ ਹੋ ਰਿਹਾ ਹੈ ਸਾਡੀ ਸੋਚ ਵਿਚਾਰ ਕੰਮ ਕਾਰ ਕਰਨ ਦੇ ਤਰੀਕੇ ਪਿਆਰ ਸਭ ਕੁਝ ਹੀ ਬਦਲ ਰਿਹਾ ਹੈ। ਇਸ ਦੀ ਸਭ ਤੋਂ ਵੱਡੀ ਸਮੱਸਿਆ ਪੰਜਾਬੀਆਂ ਦੀ ਆਪਣੀ ਮਾਂ ਬੋਲੀ ਨਾਲੋਂ ਟੁੱਟਣਾ ਹੀ ਹੈ ਭਾਸ਼ਾ ਕੋਈ ਵੀ ਮਾੜੀ ਨਹੀਂ ਬਲਕਿ ਸਤਿਕਾਰਤ ਹੁੰਦੀ ਹੈ ਪਰ ਪੰਜਾਬੀ ਮਾਂ ਬੋਲੀ ਪੰਜਾਬ ਵਿੱਚ ਹੀ ਦਾਸੀ ਵਾਂਗ ਬਣ ਕੇ ਰਹਿ ਗਈ ਹੈ। ਦੂਜੀਆਂ ਭਾਸ਼ਾਵਾਂ ਦਾ ਬੋਲ ਬਾਲਾ ਹੋ ਰਿਹਾ ਹੈ ਪੱਛਮੀ ਸੱਭਿਆਚਾਰ ਨੇ ਸਾਡੇ ਆਪਣੇ ਪੰਜਾਬੀ ਸੱਭਿਆਚਾਰ ਨੂੰ ਬਹੁਤ ਵੱਡੀ ਸੰਨ ਲਾਈ ਹੋਈ ਹੈ ਸਾਡੀਆਂ ਲੋਕ ਕਲਾਵਾਂ ਲੋਕ ਬੋਲੀਆਂ ਲੋਕ ਨਾਚਾਂ ਅਤੇ ਪੰਜਾਬੀ ਮਾਂ ਬੋਲੀ ਦੀ ਭਾਰੀ ਲੁੱਟ ਘਸੁੱਟ ਕੀਤੀ ਜਾ ਰਹੀ ਹੈ।

ਇਸ ਨਿਘਾਰ ਦੇ ਮੁੱਖ ਦੋਸ਼ੀ ਹੋਰ ਕੋਈ ਨਹੀਂ ਬਲਕਿ ਸਾਡੇ ਆਪਣੇ ਹੀ ਹਨ ਕਿਉਂਕਿ ਉਹ ਆਪਣਾ ਅਮੀਰ ਵਿਰਸਾ ਭੁੱਲ ਕੇ ਪੱਛਮੀ ਸੱਭਿਆਚਾਰ ਦੀ ਝੋਲੀ ਵਿੱਚ ਪੈਂਦੇ ਜਾ ਰਹੇ ਹਨ। ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਦਾ ਅਮੀਰ ਵਿਰਸਾ ਪੰਜਾਬ ਦਾ ਅਮੀਰ ਸੰਗੀਤ ਦੁਕਾਨ ਤੇ ਰੱਖੇ ਸਮਾਨ ਵਾਂਗ ਵਿਕਣ ਲੱਗ ਪਿਆ ਹੈ। ਹੋਰ ਹੀ ਗੁੱਡੀਆਂ ਤੇ ਹੋਰ ਹੀ ਪਟੋਲੇ ਨਵੇਂ ਨਵੇਂ ਸਾਜਾਂ ਨਾਲ ਉਤਪੋਤ ਹੋ ਕੇ ਅਸੀਂ ਆਪਣੇ ਪਿਛੋਕੜ ਨੂੰ ਭੁੱਲ ਰਹੇ ਹਾਂ। ਪੁਰਾਤਨ ਪੰਜਾਬੀ ਸੰਗੀਤ ਵਿੱਚ ਜਿੱਥੇ ਮਿਠਾਸ ਸੀ ਅੱਜ ਉਹੀ ਥਾਂ ਪੱਛਮੀ ਸੱਭਿਆਚਾਰ ਨੇ ਲੈ ਕੇ ਅਤੇ ਸਭਨਾਂ ਵਿੱਚ ਜਹਿਰ ਘੋਲ ਕੇ ਸਾਨੂੰ ਆਪਣਿਆਂ ਤੋਂ ਦੂਰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਅਜੇ ਵੀ ਸਮਾਂ ਹੈ ਆਪਣੀ ਮਾਂ ਬੋਲੀ ਅਤੇ ਆਪਣੇ ਪੁਰਾਤਨ ਸਮੇਂ ਦੀ ਕਦਰ ਕਰੀਏ ਆਓ ਫਿਰ ਤੋਂ ਆਪਣੇ ਪੁਰਾਤਨ ਵਿਰਸੇ ਨਾਲ ਜੁੜ ਕੇ ਰੂਹ ਨੂੰ ਸਕੂਨ ਦਈਏ।

ਸਟੇਟ ਐਵਾਰਡੀ ਅਤੇ ਪ੍ਰਧਾਨ
ਭਾਸ਼ਾ ਅਤੇ ਸਾਹਿਤ ਸੈਲ
(ਇੰਡਿਕ ਆਰਟਸ ਵੈਲਫੇਅਰ ਕੌਂਸਲ)
ਸ਼੍ਰੀ ਮੁਕਤਸਰ ਸਾਹਿਬ
ਜਸਵੀਰ ਸ਼ਰਮਾਂ ਦੱਦਾਹੂਰ
95691-49556

# ਇਹ ਹੈ ਯਾਸਿਰ ਅਰਾਫ਼ਾਤ ਦੀ ਧੀਅ, ਜ਼ਾਹਵਾ ਅਰਾਫ਼ਾਤ



ਇਹ ਹੈ ਯਾਸਿਰ ਅਰਾਫ਼ਾਤ ਦੀ ਧੀਅ, ਜ਼ਾਹਵਾ ਅਰਾਫ਼ਾਤ।

ਯਾਸਿਰ ਅਰਾਫਾਤ ਨੂੰ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਹੈ!

ਇੱਕ ਆਗੂ ਜਿਸਨੇ ਲੱਖਾਂ ਫਲਸਤੀਨੀ ਨੌਜਵਾਨਾਂ ਨੂੰ ਸ਼ਬਜ਼ ਬਾਗ ਦਿਖਾਏ ਅਤੇ ਉਨ੍ਹਾਂ ਨੂੰ ਮੌਤ ਦੀ ਦਲਦਲ ਵਿੱਚ ਧੱਕਿਆ ਅਤੇ ਮੱਧ ਪੂਰਬ ਨੂੰ ਅੱਤਵਾਦ ਦੀ ਅੱਗ ਵਿੱਚ ਝੋਕ ਦਿੱਤਾ।

ਇਹ ਲਿਖਣ ਦਾ ਕਾਰਨ ਇਹ ਹੈ ਕਿ ਦੁਨੀਆਂ ਦੇ ਸਾਰੇ ਪਿਉਆਂ ਵਾਂਗ ਉਸਨੂੰ ਵੀ ਆਪਣੀ ਇੱਕਲੌਤੀ ਧੀਅ ਦੀ ਚਿੰਤਾ ਸੀ।

ਅਤੇ ਉਸਨੇ ਫਲਸਤੀਨ ਦੀ 'ਸੇਵਾ' ਕਰਦੇ ਹੋਏ ਜੋ ਪੈਸਾ ਇਕੱਠਾ ਕੀਤਾ ਸੀ, ਉਸ ਵਿੱਚੋਂ ਕੁਝ ਕੁ ਪੈਸੇ ਨਾਲ ਆਪਣੀ ਧੀਅ ਲਈ ਕੁਝ ਕੁ ਪ੍ਰਾਪਰਟੀ ਖਰੀਦ ਲਈ।

ਜ਼ਿਆਦਾ ਨਹੀਂ, ਬਸ ਥੋੜ੍ਹੀ ਜਿਹੀ ...

ਜਿਸਦੀ ਕੀਮਤ ਅੱਜ ਦੇ ਬਾਜ਼ਾਰੂ ਮੁੱਲ ਦੇ ਹਿਸਾਬ ਨਾਲ ਸਿਰਫ਼ 8 ਬਿਲੀਅਨ ਡਾਲਰ ਮਤਲਬ 742,888,400,000 ਰੁਪਏ ਮਤਲਬ ਤਕਰੀਬਨ 743 ਹਜ਼ਾਰ ਕਰੋੜ ਰੁਪਏ ਹੈ!

ਪਾਕਿਸਤਾਨ ਦੇ ਕੁੱਲ ਵਿਦੇਸ਼ੀ ਮੁਦਰਾ ਭੰਡਾਰ ਤੋਂ ਕਈ ਗੁਣਾ!

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਯਾਸਿਰ ਖੁਰਾਫ਼ਾਤ ਦੀ ਇਹ ਧੀਅ ਲੰਡਨ ਵਿੱਚ ਇੱਕ ਪੂਰੀ ਸੜਕ ਦੀ ਮਾਲਕਿਨ ਹੈ ਕਿਉਂਕਿ ਉਸ ਸੜਕ ਦੇ ਦੋਵੇਂ ਪਾਸੇ ਸਾਰੀਆਂ ਪ੍ਰਾਪਰਟੀਆਂ ਇਸਦੇ ਹੀ ਨਾਮ 'ਤੇ ਹਨ। ਸੰਯੁਕਤ ਰਾਸ਼ਟਰ ਦੇ ਨਿਰਦੇਸ਼ਾਂ ਅਨੁਸਾਰ, ਉਸਨੂੰ ਸ਼ਰਨਾਰਥੀ ਦਾ ਦਰਜਾ ਦਿੱਤਾ ਗਿਆ ਹੈ!

ਪਿਛਲੇ ਕਈ ਸਾਲਾਂ ਤੋਂ, ਉਹ ਪੈਰਿਸ ਦੇ ਇੱਕ ਬਹੁਤ ਮਹਿੰਗੇ ਇਲਾਕੇ ਵਿੱਚ ਇੱਕ ਆਲੀਸ਼ਾਨ ਮਹੱਲ ਵਿੱਚ ਰਹਿ ਰਹੀ ਹੈ ਅਤੇ ਪਿਛਲੇ 25 ਸਾਲਾਂ ਵਿੱਚ ਉਸਨੇ ਫਲਸਤੀਨ ਦਾ ਮੂੰਹ ਵੀ ਨਹੀਂ ਦੇਖਿਆ।

ਉਸਨੂੰ ਚਾਰ ਭਾਸ਼ਾਵਾਂ ਆਉਂਦੀਆਂ ਹਨ ਪਰ ਅਰਬੀ ਨਹੀਂ ਆਉਂਦੀ!

ਇਸ ਤੋਂ ਜ਼ਿਆਦਾ ਕੀ ਕਹਾਂ ਕਿ ਇਹੀ ਹੈ ਯਾਸਿਰ ਅਰਾਫ਼ਾਤ ਵਰਗੇ ਆਗੂਆਂ ਦੇ ਜੰਨਤ ਅਤੇ ਜ਼ਿਹਾਦ ਨਾਮਕ ਛੁਨਛੁਣੇ ਦੀ ਅਸਲੀ ਹਕੀਕਤ!


— ਇੱਕ ਹਿੰਦੀ ਪੋਸਟ ਦਾ ਅਨੁਵਾਦ: #ਮੀਤ_ਅਨਮੋਲ

_______________________________

ਸਾਰਾ ਸੰਸਾਰ ਅੱ/ਤਵਾ/ਦ (ਜੰਗ) ਦੀ ਅੱਗ ਵਿੱਚ ਮੱਚ ਰਿਹਾ ਹੈ, ਉਹ ਭਾਵੇਂ ਪਾਗਲ ਹੋ ਗਏ ਅਮਰੀਕੀ / ਇਜਰਾਇਲੀ ਆਗੂਆਂ ਵੱਲੋਂ ਭੜਕਾਇਆ ਅੱ/ਤਵਾ/ਦ ਹੋਵੇ, ਭਾਵੇਂ ਇਸਲਾਮਿਕ ਜਿਹਾਦ ਦਾ ਛੁਨਛੁਨਾ ਵਜਾਉਣ ਵਾਲਿਆਂ ਵੱਲੋਂ ਫੈਲਾਇਆ ਅੱ/ਤਵਾ/ਦ ਹੋਵੇ ਜਾਂ ਕੋਈ ਵੀ ਹੋਰ ਪਰ ਇੱਕ ਗੱਲ ਸੱਚ ਹੈ ਕਿ ਬਹੁਤੀ ਵਾਰ ਇਹ ਜੰਗ ਆਪਣੀ ਉਮਰ ਭੋਗ ਚੁੱਕੇ ਬੁੱਢੇ ਸ਼ੁਰੂ ਕਰਦੇ ਹਨ ਤੇ ਇਸਦਾ ਮੁੱਲ ਜਵਾਨਾਂ ਤੇ ਬੱਚਿਆਂ ਨੂੰ ਆਪਣੀਆਂ ਜਾਨਾਂ ਦੇ ਕੇ ਚੁਕਾਉਣਾ ਪੈਂਦਾ ਹੈ ਪਰ ਇੱਕ ਗੱਲ ਹੋਰ ਉਹ ਜਵਾਨ ਤੇ ਬੱਚੇ ਇਹਨਾਂ ਆਗੂਆਂ ਦੇ ਆਪਣੇ ਨਹੀਂ ਹੁੰਦੇ ਬਲਕਿ ਆਮ ਲੋਕਾਂ ਦੇ ਹੁੰਦੇ ਹਨ, ਇਨ੍ਹਾਂ ਦੇ ਆਪਣੇ ਬੱਚੇ ਤਾਂ Z++ ਸਿਕਓਰਿਟੀ ਵਾਲੇ ਅਲੀਸ਼ਾਨ ਮਹੱਲਾਂ ਵਿੱਚ ਸਕੂਨ ਨਾਲ ਜੀਅ ਰਹੇ ਹੁੰਦੇ ਨੇ 😕

— ਮੀਤ ਅਨਮੋਲ

# ਹਰ ਮਹਿਕਮੇ ਵਿਚ ਵਰਕਲੋਡ ਜਿਆਦਾ ਹੋਣ ਦਾ ਖਮਿਆਜ਼ਾ ਆਮ ਇਨਸਾਨ ਭੁਗਤ ਰਿਹਾ??



ਪੰਜਾਬ ਦੇ ਵਿੱਚ ਵਾਰਦਾਤਾਂ ਵਧ ਰਹੀਆਂ ਹਨ ਜਿਵੇਂ ਅਸੀਂ ਕਹਿ ਸਕਦੇ ਹਾਂ ਟੀਚਰਾਂ ਵੱਲੋਂ ਬੱਚਿਆਂ ਨੂੰ ਕੁੱਟਿਆ ਜਾ ਰਿਹਾ ਤੇ ਹਰ ਮਹਿਕਮੇ ਵਿੱਚ ਕਿਤੇ ਨਾ ਕਿਤੇ ਲੜਾਈ ਹੋ ਜਾਂਦੀ ਹੈ, ਵੱਡਿਆਂ ਵੱਲੋਂ ਛੋਟਿਆਂ ਨੂੰ ਕੁੱਟਿਆ ਜਾਂਦਾ ਹੈ। ਵੱਡੇ ਆਉਦਿਆਂ ਤੇ ਬੈਠਿਆਂ ਛੋਟੀ ਪੋਸਟ ਤੇ ਬੈਠਿਆਂ ਨੂੰ ਕੁੱਟਿਆ ਜਾਦਾਂ ਹੈ,ਜਾਂ ਪੁਲਿਸ ਮਹਿਕਮਾ ਲੈ ਲਓ ਸਾਰੇ ਪੁਲਿਸ ਵਾਲੇ ਇੱਕੋ ਜਿਹੇ ਨਹੀਂ ਹੁੰਦੇ ਪਰ ਕਾਫੀ ਹੱਦ ਤੱਕ ਅਸੀਂ ਕਹਿ ਸਕਦੇ ਹਾਂ 25 % ਪੁਲਿਸ ਵਾਲੇ ਹਨ ਜਿਹੜੇ ਕਿ ਬਹੁਤ ਘਟੀਆ ਤਰੀਕੇ ਦੇ ਨਾਲ ਕੁੱਟਦੇ ਹਨ ਇੱਕ ਕ੍ਰਿਮੀਨਲ ਟਾਈਪ ਅਸੀਂ ਕਹਿ ਸਕਦੇ ਹਾਂ ਕਿ ਉਹ ਗੈਂਗਸਟਰਾਂ ਤੋਂ ਘੱਟ ਨਹੀਂ ਹਨ। ਗੈਂਗਸਟਰ ਸਿੱਧੀ ਗੋਲੀ ਮਾਰਦੇ ਹਨ ਤੇ ਇਹ ਤਸੀਹੇ ਦੇ ਕੇ ਮਾਰ ਰਹੇ ਹਾਂ ਜੋ ਗਲਤ ਹੈ ਕਿ ਇਹਨਾਂ ਲੋਕਾਂ ਦਾ ਜੋ ਘਰਾਂ ਦੇ ਵਿੱਚ ਜੋ ਗੁੱਸਾ ਗਿਲਾ ਜਾਂ ਕਿਸੇ ਤਰਾਂ ਦੀ ਕੋਈ ਪਰੇਸ਼ਾਨੀ ਮੈਂਟਲੀ ਅਪਸੈਟ ਤੇ ਜਿਵੇਂ ਕਹਿੰਦੇ ਹੁੰਦੇ ਹਨ ਪੰਜਾਬੀਆਂ ਦੀ ਕਵਾਹਤ ਹੈ ਕਿਸੇ ਦਾ ਗੁੱਸਾ ਕਿਸੇ ਤੇ ਉਤਾਰ ਦੇਣਾ ,ਇਹਨਾਂ ਦਾ ਆਪਦਾ ਗੁੱਸਾ ਜਦੋਂ ਕਿਸੇ ਦੇ ਉੱਪਰ ਨਿੱਕਲ ਜਾਂਦਾ ਹੈ ਜਾਂ ਇਹਨਾਂ ਦੀ ਆਪਦੀ ਪ੍ਰੋਬਲਮ ਹੁੰਦੀ ਹੈ,ਪ੍ਰਾਬਲਮ ਦਿਮਾਗ ਤੇ ਚੜੀ ਹੁੰਦੀ ਹੈ ਤਾਂ ਉਹ ਆਪਣੀ ਪ੍ਰੋਬਲਮ ਨੂੰ ਕਿਸੇ ਹੋਰ ਇਨਸਾਨ ਉਪਰ ਗੁੱਸਾ ਉਤਾਰ ਕੇ ਦਿਮਾਗ ਨੂੰ ਰਿਲੈਕਸ ਕਰ ਲੈਦੇ ਹਨ, ਪਰ ਦੂਜੇ ਦਾ ਸਭ ਕੁਝ ਖਤਮ ਹੋ ਜਾਂਦਾ ਹੈ। ਕਿਉਂਕਿ ਦੂਜੇ ਨੂੰ ਇਹ ਉਸ ਹੱਦ ਤੱਕ ਤਸੀਹੇ ਦਿੰਦੇ ਹਨ ਜਿੰਨਾ ਚਿਰ ਇਹਨਾਂ ਦਾ ਦਿਮਾਗ ਰਿਲੈਕਸ ਨਹੀਂ ਹੁੰਦਾ,ਦਿਮਾਗ ਉਨੀ ਦੇਰ ਤੱਕ ਕੰਮ ਨਹੀਂ ਕਰਦਾ ਜਦੋਂ ਤਕ ਬੰਦਾ ਮਰ ਨਹੀਂ ਜਾਂਦਾ ਫਿਰ ਇਹਨਾਂ ਨੂੰ ਸ਼ਾਇਦ ਪਛਤਾਵਾ ਵੀ ਜਰੂਰ ਹੁੰਦਾ ਹੈ। ਸਾਡੇ ਹੱਥੋਂ ਇਹ ਕੀ ਹੋ ਗਿਆ??? ਕਿਉਂਕਿ ਅਸੀਂ ਕਹਿ ਸਕਦੇ ਹਾਂ ਵਰਕ ਲੋਡ ਵੀ ਹੋ ਸਕਦਾ ਹੈ ਤੇ ਅਸੀਂ ਹਰ ਰੋਜ਼ ਦੇਖਦੇ ਆ ਕਿਸੇ ਨਾ ਕਿਸੇ ਅਧਿਆਪਕ ਨੇ ਬੱਚਿਆਂ ਨੂੰ ਮਾਰਿਆ ਕੁੱਟਿਆ,ਅਸੀਂ ਇਹ ਕਹਿ ਸਕਦੇ ਹਾਂ ਕਿ ਜੋ ਘਿਨਾਉਣੀਆਂ ਹਰਕਤਾਂ ਹਨ ਇਹ ਬਹੁਤ ਗਲਤ ਹਨ ਜੇ ਕਿਸੇ ਨੂੰ ਕੋਈ ਪਰੇਸ਼ਾਨੀ ਹੈ ਤਾਂ ਉਹ ਛੁੱਟੀ ਲੈ ਸਕਦਾ ਹੈ ਥੋੜੀ ਦੇਰ ਲਈ ਤਾਂ ਕਿਸੇ ਹੋਰ ਦਾ ਨੁਕਸਾਨ ਨਾ ਹੋ ਸਕੇ ਪਰ ਜੇ ਅਸੀਂ ਉਹੀ ਪਰੇਸ਼ਾਨੀ ਕੰਮ ਦੇ ਉੱਤੇ ਲੈ ਕੇ ਜਾਦੇ ਆ ਉਹਦੇ ਨਾਲ ਸਾਡਾ ਨੁਕਸਾਨ ਤਾਂ ਜਿਹੜਾ ਹੁੰਦਾ ਹੈ ਨਾਲ ਦੂਸਰੇ ਦਾ ਵੀ ਸਾਡੇ ਹੱਥੋ ਬਹੁਤ ਨੁਕਸਾਨ ਹੋ ਜਾਂਦਾ ਹੈ। ਜਿਵੇਂ ਕਈ ਬੱਚਿਆਂ ਨੂੰ ਜਦੋਂ ਅਧਿਆਪਕਾਂ ਕੁੱਟਦੀਆਂ ਹਨ ਸਾਰਾ ਅਧਿਆਪਕ ਮਹਿਕਮਾ ਅਸੀਂ ਨਹੀਂ ਕਹਿੰਦੇ ਮਾੜਾ ਹੁੰਦਾ ਪਰ ਕੁਝ ਅਧਿਆਪਕ ਹਨ ਜਿੰਨਾਂ ਦੀਆਂ ਰੋਜ਼ ਵੀਡੀਓ ਵਾਇਰਲ ਹੁੰਦੀਆਂ ਉਹ ਅਧਿਆਪਕ ਸਾਰਾ ਆਪਣਾ ਗੁੱਸਾ ਸਕੂਲ ਵਿੱਚ ਬੱਚਿਆਂ ਤੇ ਉਤਾਰ ਦਿੰਦੀਆਂ ਹਨ, ਬੱਚਿਆਂ ਦੇ ਅੰਦਰ ਡਰ ਪੈਦਾ ਹੁੰਦਾ ਹੈ , ਦੂਸਰੀ ਗੱਲ ਬੱਚਾ ਅੰਦਰੋਂ ਅੰਦਰ ਖਤਮ ਹੋ ਜਾਂਦਾ ਬੱਚਾ ਪੜ੍ਹਾਈ ਵਿੱਚ ਮਨ ਨਹੀਂ ਲਾਉਂਦਾ ਤੀਸਰੀ ਗੱਲ ਬੱਚੇ ਨੂੰ ਜੇ ਆਪਾਂ ਕਹਿ ਦਈਏ ਮਾਨਸਿਕ ਸਥਿਤੀ ਤਾਂ ਬੱਚੇ ਦੀ ਕਮਜ਼ੋਰ ਹੁੰਦੀ ਹੀ ਹੈ ਬੱਚੇ ਦੇ ਸਰੀਰ ਤੇ ਵੀ ਕੋਈ ਨਾ ਕੋਈ ਬਜ [ਸਟ] ਪੈ ਜਾਂਦਾ ਹੈ, ਜਿਵੇਂ ਬੱਚੇ ਨੂੰ ਕੁਝ ਸਵਾਲ ਨਹੀਂ ਆਉਦੇ ਤਾਂ ਕੁੱਟਣਾ ਸ਼ੁਰੂ ਕਰ ਦਿੰਦੇ ਹਨ , ਕਾਫੀ ਬੱਚਿਆਂ ਦੇ ਕੰਨਾਂ ਚ ਖੂਨ ਨਿਕਲਦਾ ਦੇਖਿਆ ਕਾਫੀ ਬੱਚਿਆਂ ਨੂੰ ਅਧਰੰਗ ਦੀ ਸ਼ਿਕਾਇਤ ਵੀ ਆਈ ਇੱਕ ਦੋ ਬੱਚੇ ਤਾਂ ਸ਼ਾਇਦ ਮੈਨੂੰ ਲੱਗਦਾ ਵੀ ਮੌਤ ਦੇ ਮੂੰਹ ਦੇ ਵਿੱਚ ਜਾ ਵੀ ਚੁੱਕੇ ਹਨ ਤੇ ਕੁਛ ਮੌਤ ਦੇ ਮੂੰਹ ਦੇ ਵਿੱਚੋਂ ਬਾਹਰ ਵੀ ਨਿਕਲੇ ਹਨ । ਇਹ ਇਕ ਵਰਕ ਲੋਡ ਦਾ ਹੀ ਨਤੀਜਾ ਹੈ ਬਹੁਤ ਜਿਆਦੇ ਡਿਪਰੈਸ਼ਨ ਹੋਵੇ ਤਾਂ ਅਸੀਂ ਕਹਿੰਦੇ ਹਾਂ ਉਨਾਂ ਲੋਕਾਂ ਨੂੰ ਥੋੜੇ ਟਾਈਮ ਦੀ ਛੁੱਟੀ ਲਓ ਆਪਣਾ ਇਲਾਜ ਕਰਾਓ ।ਫਿਰ ਸ਼ਾਇਦ ਤੁਹਾਡੀ ਪ੍ਰੋਬਲਮ ਦਾ ਹੱਲ ਹੋ ਜਾਵੇ ਤੇ ਫਿਰ ਤੁਸੀਂ ਕੰਮ ਤੇ ਆਵੋ, ਇਸ ਤਰ੍ਹਾਂ ਨਾਲ ਦੂਸਰੇ ਨੂੰ ਨੁਕਸਾਨ ਨਾ ਪਹੁੰਚ ਸਕੇ ਬੱਚਿਆਂ ਦਾ ਨੁਕਸਾਨ ਵੀ ਬਹੁਤ ਹੁੰਦਾ ਹੈ। ਪੁਲਿਸ ਵਾਲਿਆਂ ਦੇ ਹੱਥੋਂ ਲੋਕਾਂ ਦਾ ਨੁਕਸਾਨ ਹੁੰਦਾ ਹੈ ਪੁਲਿਸ ਜੋ ਵੀ ਕਰਦੀ ਆ ਬਹੁਤ ਗਲਤ ਵੀ ਕਰਦੀ ਆ ਪਰ ਅਸੀਂ ਇਹ ਨਹੀਂ ਕਹਿੰਦੇ ਸਾਰੇ ਪੁਲਿਸ ਵਾਲੇ ਇੱਕੋ ਜਿਹੇ ਹੁੰਦੇ ਆ 25% ਪੁਲਿਸ ਵਾਲੇ ਹਨ ਕੁਝ ਪੁਲਿਸ ਵਾਲਿਆਂ ਨੂੰ ਜਿਵੇਂ ਅਸੀਂ ਕਹਿ ਦਈਏ ਪੈਸੇ ਦਿੱਤੇ ਜਾਂਦੇ ਹਨ ਜਾਂ ਚਕਵਾਇਆ ਜਾਂਦਾ ਹੈ ਉੱਪਰੋਂ ਵੀ ਉਹਨਾਂ ਨੂੰ ਫੋਨ ਕਰਕੇ ਪਹੁੰਚ ਕਰਦੇ ਹਨ ,ਇਹ ਬੰਦਾ ਸਾਡੇ ਆੜੇ ਆ ਰਿਹਾ ਬੰਦਾ ਸਾਨੂੰ ਕੰਮ ਨਹੀਂ ਕਰਨ ਦੇ ਰਿਹਾ , ਇਹਨੂੰ ਚੱਕ ਕੇ ਅੰਦਰ ਸਜ਼ਾ ਦਿਓ ਉਪਰ ਤੋਂ ਜਦੋਂ ਵੀ ਫੋਨ ਆਇਆ ਤੇ ਫਿਰ ਥੱਲੇ ਵਾਲਿਆਂ ਨੂੰ ਉਹੀ ਕੁਝ ਕਰਨਾ ਵੀ ਪੈਂਦਾ ਪਰ ਕਈ ਵਾਰ ਥੱਲੇ ਵਾਲਿਆਂ ਦੇ ਦਿਮਾਗ ਉਹ ਇਹ ਨਹੀਂ ਸੋਚਦੇ ਵੀ ਜੇ ਥੱਲੇ ਵਾਲਾ ਕੋਈ ਵੀ ਬੰਦਾ ਕਿਤੇ ਡਿਪਰੈਸ਼ਨ ਦਾ ਮਰੀਜ ਹੋਵੇ ਤਾਂ ਫਿਰ ਪਤਾ ਨਹੀਂ ਕਿਥੇ ਕਿਥੇ ਕਰੰਟ ਦਿੱਤੇ ਜਾਂਦੇ ਹਨ , ਜਿਵੇ ਬਠਿੰਡੇ ਵਾਲੇ ਕੇਸ ਵਿੱਚ ਹੋਇਆ। ਉਹਦੀ ਸਜ਼ਾ ਕੌਣ ਭੁਗਤੂਗਾ ਉਹ ਬੱਚਾ ਉਹ ਪਤਨੀ ਉਹ ਪੇਰੈਂਟਸ ਜਿਹਨਾਂ ਦਾ ਬੱਚਾ ਸੀ, ਇੱਕ ਪੂਰੀ ਦੀ ਪੂਰੀ ਫੈਮਲੀ ਖਤਮ ਹੋ ਜਾਦੀ ਹੈ। ਪਰ ਉਹ ਪੁਲਿਸ ਵਾਲਿਆਂ ਨੂੰ ਬਚਾਉਣ ਦੀ ਕੋਸ਼ਿਸ਼ ਤਾਂ ਹੀ ਕੀਤੀ ਜਾਊਗੀ ਜੇ ਇਹ ਵਾਲਾ ਕੰਮ ਕਰਣ ਲਈ ਉਹਨਾਂ ਨੂੰ ਆਰਡਰ ਉਪਰ ਤੋਂ ਆਇਆ ਹੋਇਆ ਉਸਨੂੰ ਚੱਕਣ ਦਾ ਆਰਡਰ ਉੱਪਰ ਤੋਂ ਆਇਆ ਹੋਇਆ ਥੱਲੇ ਵਾਲਾ ਕੋਈ ਵੀ ਬੰਦਾ ਆਪਦੇ ਆਪ ਕਿਸੇ ਬੰਦੇ ਨੂੰ ਚੱਕ ਕੇ ਇਹਨਾਂ ਟੋਰਚਰ [ ਤਸੀਹੇ ] ਨਹੀਂ ਕਰਦਾ ਜਿੰਨੀ ਦੇਰ ਉਪਰ ਤੋਂ ਆਰਡਰ ਨਹੀਂ ਹੁੰਦੇ ਉੱਪਰ ਵਾਲਿਆਂ ਨੂੰ ਵੀ ਜਾਂ ਤਾਂ ਉਹਨਾਂ ਨੂੰ ਉਪਰ ਤੋਂ ਵੀ ਆਰਡਰ ਆਉਂਦੇ ਆ ਜਾਂ ਉਹਨਾਂ ਦੇ ਵਿੱਚ ਈਰਖਾ ਹੁੰਦੀ ਹੈ ਜਿਨਾਂ ਨੂੰ ਉਹਨਾਂ ਤੋਂ ਖਾਰ ਹੁੰਦੀ ਹੈ, ਜਿਨਾਂ ਨੂੰ ਚੱਕਿਆ ਜਾਂ ਉਹਨਾਂ ਦੇ ਕੰਮਾਂ ਦੇ ਵਿੱਚ ਆੜੇ ਆਉਂਦੇ ਆ ਜਾਂ ਅਸੀਂ ਕਹਿ ਦਈਏ ਨਸ਼ਾ ਤਸਕਰਾਂ ਦੇ ਆੜੇ ਆਉਂਦੇ ਜਾਂ ਕੋਈ ਗਲਤ ਕੰਮ ਕਰਦੇ ਲੋਕ ਜਿੰਨਾ ਦੇ ਸਰੀਫ ਲੋਕ ਰਾਹ ਰੋਕਦੇ ਹੋਣ??? ਕਰਪੱਸ਼ਨ ਚਲਦੀ ਹੈ ਤੇ ਕਰਪੱਸ਼ਨ ਨੂੰ ਬੜਾਵਾ ਦੇਣ ਵਾਲੇ ਵੀ ਆਮ ਲੋਕ ਹੀ ਹਨ ।ਸਾਡਾ ਪੁਲਿਸ ਮਹਿਕਮਾ ਅਣਜਾਣ ਨਹੀਂ ਹੈ। ਕਰਪਸ਼ਨ ਹਰ ਮਹਿਕਮੇ ਵਿੱਚ ਚਲਦੀ ਹੈ ਪਰ ਕਿਸੇ ਨੂੰ ਮਾਰਨਾ ਇਨਾ ਸੌਖਾ ਨਹੀਂ ਹੈ ਪੁਲਿਸ ਵਾਲੇ ਉਨੀ ਦੇਰ ਕੁਝ ਨਹੀਂ ਦੱਸਣਗੇ ਉਹਨਾਂ ਤੇ ਜਿੰਨੀ ਦੇਰ ਕੋਈ ਐਕਸ਼ਨ ਨਹੀਂ ਹੋਊਗਾ ਹੁਣ ਇਹ ਆਰਡਰ ਵੀ ਉੱਪਰ ਤੋਂ ਹੀ ਆਏ ਹਨ ਇਸ ਲਈ ਪੁਲਿਸ ਮਹਿਕਮੇ ਤੇ ਕੋਈ ਐਕਸ਼ਨ ਨਹੀਂ ਕੀਤਾ ਜਾ ਰਿਹਾ ਹੋ ਸਕਦਾ ਪੰਜਾਬ ਸਰਕਾਰ ਦੇ ਕਿਸੇ ਚਹੇਤੇ ਵੱਲੋਂ ਇਹ ਕੰਮ ਕਰਵਾਇਆ ਗਿਆ ਹੋਵੇ। ਇਸ ਲਈ ਬਹੁਤ ਬੱਚੇ ਜਿਹੜੇ ਜੇਲਾਂ ਵਿੱਚ ਮਰ ਜਾਂਦੇ ਹਨ ਬਹੁਤ ਬੱਚੇ ਜਿਹੜੇ ਗੁਆਚ ਵੀ ਚੁੱਕੇ ਹਨ। ਬਹੁਤ ਲੋਕਾਂ ਦੀਆਂ ਤਾਂ ਲਾਸ਼ਾਂ ਵੀ ਬਾਹਰ ਨਹੀਂ ਆਉਂਦੀਆਂ ਹੁਣ ਮਾਹੌਲ ਇਸ ਤਰ੍ਹਾਂ ਦਾ ਬਣ ਚੁੱਕਿਆ ਹੈ ਤੁਰੇ ਜਾਂਦੇ ਲੋਕ ਕਿਸੇ ਨਾ ਕਿਸੇ ਨੂੰ ਗੋਲੀ ਮਾਰਦੇ ਹਨ ਕਿਸੇ ਨੂੰ ਵੈਸੇ ਮਾਰਤਾ ਕਿਸੇ ਦੀਆਂ ਕੁੜੀਆਂ ਨੂੰ ਛੇੜ ਤਾ ਚੋਰੀ ਕਰ ਲਈ ਕੁਝ ਵੀ ਕਰ ਲਿਆ ਮਤਲਬ ਇੰਨਾ ਡਰਦਾ ਮਾਹੌਲ ਬਣਿਆ ਹੋਇਆ ਹੈ ਹੁਣ ਪੁਲਿਸ ਵਾਲੇ ਵੀ ਚੱਕਣ ਲੱਗੇ ਮਿੰਟ ਲਾਉਂਦੇ ਹਨ ਪਹਿਲਾਂ ਇੱਕ ਮੁੰਡਾ ਇਨਕਾਊਂਟਰ ਵਿੱਚ ਮਾਰਿਆ ਗਿਆ ਜਿਸ ਦਾ ਸਾਰੇ ਕਹਿ ਰਹੇ ਹਨ ਇਹ ਇਨਕਾਊਂਟਰ ਨਹੀਂ ਜਾਣ ਬੁੱਝ ਕੇ ਉਸਨੂੰ ਮਾਰਿਆ ਗਿਆ ਹੈ ਉਹ ਵੀ ਤਾਂ ਆਰਡਰ ਉੱਪਰ ਤੋਂ ਆਇਆ ਹੋਵੇ ਜਿਸ ਨੂੰ ਮਾਰਿਆ ਜਾਂ ਹੋ ਸਕਦਾ ਹੈ ਉਹਨਾਂ ਨੇ ਪੈਸਾ ਬਹੁਤ ਜਿਆਦਾ ਲਿਆ ਹੋਵੇ, ਦੇਖੋ ਅੰਦਰਲੀਆਂ ਗੱਲਾਂ ਅੰਦਰ ਵਾਲਾ ਹੀ ਜਾਣ ਸਕਦਾ ਹੈ ਉਸ ਟਾਈਮ ਕੀ ਹੋਇਆ ਸੀ ?? ਕਈ ਲੋਕ ਸਨਕੀ ਤਰ੍ਹਾਂ ਦੇ ਵੀ ਹੁੰਦੇ ਹਨ ਜਿਵੇਂ ਉਹਨਾਂ ਨੂੰ ਕਿਸੇ ਦੀਆਂ ਚੀਕਾਂ ਸੁਣ ਕੇ ਸਕੂਨ ਮਿਲਦਾ ਹੈ ਉਹ ਉਹਨੀ ਦੇਰ ਕਰੰਟ ਜਾਂ ਮਾਰਦੇ ਰਹਿੰਦੇ ਹਨ ਜਿੰਨੀ ਦੇਰ ਸਾਹਮਣੇ ਵਾਲੇ ਬੰਦੇ ਦਾ ਸਾਹ ਨਾ ਰੁਕ ਜਾਵੇ ਉਹਨਾਂ ਦੇ ਸਨਕੀ ਦਿਮਾਗ ਵਿੱਚ ਸਨਕਪੁਰਾ ਚੜ੍ਹਿਆ ਹੁੰਦਾ ਹੈ ਉਹਨਾਂ ਨੂੰ ਚੀਕਾਂ ਸਕੂਨ ਦਿੰਦੀਆਂ ਹਨ ਕਈ ਬੰਦੇ ਆਪਣੀਆਂ ਜਨਾਨੀਆਂ ਨੂੰ ਇਹਨਾਂ ਕੁੱਟਦੇ ਹਨ ਕਿ ਉਹਨਾਂ ਨੂੰ ਉਹਨਾਂ ਦੀਆਂ ਚੀਕਾਂ ਵਿੱਚੋਂ ਸਕੂਨ ਪ੍ਰਾਪਤ ਹੁੰਦਾ ਹੈ ਇਸ ਕਿਸਮ ਦੇ ਲੋਕ 10% ਜਰੂਰ ਹੁੰਦੇ ਹਨ ਇਹੋ ਜਿਹੇ ਲੋਕ ਹਰ ਮਹਿਕਮੇ ਵਿੱਚ ਹੁੰਦੇ ਹਨ। ਇਹੋ ਜਿਹੇ ਲੋਕ ਜਿਵੇਂ ਤੁਰੇ ਜਾਂਦੇ ਗਰੀਬ ਦੀ ਰੇੜੀ ਤੇ ਲੱਤ ਮਾਰਦੀ ਇਹਨਾਂ ਨੂੰ ਇਸ ਵਿੱਚ ਵੀ ਮਜਾ ਆਉਂਦਾ ਹੈ। ਇਹੋ ਜਿਹੇ ਲੋਕ ਆਪਣੀ ਖੁਸ਼ੀ ਲਈ ਕਿਸੇ ਨੂੰ ਵੀ ਟੋਰਚਰ ਕਰ ਸਕਦੇ ਹਨ ਕਿਸੇ ਦਾ ਨੁਕਸਾਨ ਕਰਨ ਵਿੱਚ ਇਹਨਾਂ ਨੂੰ ਖੁਸ਼ੀ ਪ੍ਰਾਪਤ ਹੁੰਦੀ ਹੈ। ਪਰ ਇਹ ਨਹੀਂ ਪਤਾ ਹੁੰਦਾ ਕਿ ਉੱਪਰ ਵਾਲੀ ਕਚਹਿਰੀ ਤਾਂ ਹਮੇਸ਼ਾ ਹੀ ਖੁੱਲੀ ਰਹਿੰਦੀ ਹੈ ਹਮੇਸ਼ਾ ਸੱਚ ਦੀ ਕਚਹਿਰੀ ਵਿੱਚ ਜਦੋਂ ਕੇਸ ਲੱਗਦੇ ਹਨ ਤਾਂ ਉਸਦੀ ਸਜ਼ਾ ਬਿਨ ਲਾਠੀ ਹੀ ਮਿਲ ਜਾਂਦੀ ਹੈ।

ਕਿਸੇ ਚੀਜ਼ ਨੂੰ ਪਛਤਾਉਣ ਨਾਲੋਂ ਇਹੀ ਚੰਗਾ ਹੈ ਕਿ ਡਿਪਰੈਸ਼ਨ ਵਿੱਚੋਂ ਬਾਹਰ ਨਿਕਲਿਆ ਜਾਵੇ ਹਰ ਮੁਲਾਜ਼ਮ ਤੂੰ ਥੋੜੀ ਥੋੜੀ ਦੇਰ ਬਾਅਦ ਟ੍ਰੇਨਿੰਗ ਜਾਂ ਕੌਂਸਲਿੰਗ ਤੇ ਭੇਜਣਾ ਬਹੁਤ ਜਰੂਰੀ ਹੈ ਜਿਸ ਹਿਸਾਬ ਨਾਲ ਹਰ ਮਹਿਕਮੇ ਦੇ ਵਿੱਚ ਵਰਕਲੋਡ ਬਹੁਤ ਜਿਆਦਾ ਹੈ ਉਸ ਹਿਸਾਬ ਨਾਲ ਹਰ ਇਨਸਾਨ ਦਿਮਾਗੀ ਪਰੇਸ਼ਾਨੀ ਦਾ ਸ਼ਿਕਾਰ ਹੋ ਰਿਹਾ ਹੈ। ਕਈ ਲੋਕ ਕਿਸੇ ਨਾ ਕਿਸੇ ਬਿਮਾਰੀ ਦੇ ਨਾਲ ਵੀ ਗ੍ਰਸਤ ਹੁੰਦੇ ਹਨ ਸ਼ੂਗਰ, ਬਲੱਡ ਪ੍ਰੈਸ਼ਰ ਹੋਣ ਦੇ ਬਾਵਜੂਦ ਵੀ ਡਿਪਰੈਸ਼ਨ ਵਿੱਚ ਰਹਿੰਦੇ ਹਨ ਕਿਸੇ ਦਾ ਘਰ ਪਰਿਵਾਰ ਕਰਕੇ ਕੀ ਰਾਤ ਦੀਆਂ ਚੀਕਾਂ ਉਹਨਾਂ ਨੂੰ ਸੌਣ ਦੇਣਗੀਆਂ ਅੱਜ ਜੇ ਤੁਸੀਂ ਕਿਸੇ ਤੇ ਹਮਲਾ ਕਰ ਰਹੇ ਹੋ ਤਾਂ ਕੱਲ ਤੁਹਾਡੇ ਪਰਿਵਾਰ ਤੇ ਵੀ ਇਹ ਚੀਜ਼ ਜਰੂਰ ਆਊਗੀ। ਪੁਲਿਸ ਵਾਲਿਆਂ ਤੋਂ ਡਰਦਾ ਹੁਣ ਕੋਈ ਵੀ ਆਮ ਇਨਸਾਨ ਅੱਗੇ ਨਹੀਂ ਆਉਂਦਾ ਉਹਨਾਂ ਦੇ ਦਿਮਾਗ ਵਿੱਚ ਇੱਕੋ ਹੀ ਸੋਚ ਹੁੰਦੀ ਹੈ ਮੈਂ ਕੀ ਲੈਣਾ ਜੇ ਮੈਂ ਲੜਾਈ ਛਡਾਉਣ ਗਿਆ ਜਾਂ ਮੈਂ ਕਿਸੇ ਦਾ ਭਲਾ ਕਰਨ ਵਿੱਚ ਅੱਗੇ ਆਇਆ ਤਾਂ ਮੇਰੇ ਤੇ ਹੀ ਕੇਸ ਹੋ ਜਾਣਗੇ ਇਸ ਲਈ ਸਰਕਾਰ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਜੋ ਇਕਾ ਦੁਕਾ ਲੋਕ ਵੀ ਅੱਗੇ ਆ ਕੇ ਬੋਲਦੇ ਹਨ ਉਹ ਵੀ ਇੱਕ ਦਿਨ ਪਿੱਛੇ ਹਟ ਜਾਣਗੇ ਰਾਹ ਜਾਂਦੇ ਕੀ ਹੋ ਰਿਹਾ ਕੀ ਨਹੀਂ ਲੋਕ ਅਣਦੇਖੀ ਕਰਨ ਲੱਗ ਜਾਣਗੇ ਇਸੇ ਲਈ ਸਰਕਾਰ ਨੂੰ ਬੇਨਤੀ ਹੈ ਕਿ ਆਮ ਲੋਕਾਂ ਤੇ ਪੁਲਿਸ ਵਾਲਿਆਂ ਦੇ ਵਿੱਚ ਦੋਸਤੀ ਦਾ ਰਸਤਾ ਹੋਣਾ ਬਹੁਤ ਜਰੂਰੀ ਹੈ ਇੱਕ ਦੂਜੇ ਤੇ ਭਰੋਸਾ ਹੋਣਾ ਬਹੁਤ ਜਰੂਰੀ ਹੈ ਪੁਲਿਸ ਨੂੰ ਆਮ ਲੋਕਾਂ ਦਾ ਰਖਵਾਲਾ ਮੰਨਿਆ ਗਿਆ ਹੈ ਪਰ ਜਦੋਂ ਲੋਕ ਆਪਣੇ ਰਖਵਾਲਿਆਂ ਤੋਂ ਹੀ ਡਰਨ ਲੱਗ ਜਾਣ ਤਾਂ ਫੇਰ ਆਮ ਲੋਕ ਕਿੱਧਰ ਨੂੰ ਜਾਣਗੇ ਜਿਵੇਂ ਕਹਿੰਦੇ ਹਨ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਖੇਤ ਦਾ ਕੀ ਬਣੂਗਾ। ਹਰ ਮਹਿਕਮੇ ਦੇ ਵਿੱਚ ਡਿਪਰੈਸ਼ਨ ਵਾਲੇ ਸ਼ਿਕਾਰ ਲੋਕਾਂ ਦਾ ਖਮਿਆਜਾ ਆਮ ਲੋਕਾਂ ਨੂੰ ਹੀ ਭੁਗਤਣਾ ਪਿਆ ਹੈ। ਕਿਉਂਕਿ ਅੱਜ ਕੱਲ ਹਰ ਇਨਸਾਨ ਡਿਪਰੈਸ਼ਨ ਦਾ ਸ਼ਿਕਾਰ ਹੈ ਕਿਸੇ ਦੀ ਤਨਖਾਹ ਥੋੜੀ ਹੈ ਬੱਚਿਆਂ ਦੀਆਂ ਫੀਸਾਂ ਆ ਗਈਆਂ ਵਰਕਲੋਡ ਬਹੁਤ ਜਿਆਦਾ ਹੈ ਤਲਾਕ ਦੇ ਕੇਸ ਚੱਲ ਰਹੇ ਹਨ। ਹਰ ਘਰ ਵਿੱਚ ਛੋਟੇ ਮੋਟੇ ਝਗੜੇ ਹੁੰਦੇ ਹਨ। ਇਸ ਲਈ ਹਰ ਮੁਲਾਜ਼ਮ ਦਾ ਥੋੜੀ ਥੋੜੀ ਦੇਰ ਬਾਅਦ ਚੈੱਕ ਅਪ ਹੋਣਾ ਬਹੁਤ ਜਰੂਰੀ ਹੈ। ਤਾਂ ਜੋ ਉਹ ਡਿਪਰੈਸ਼ਨ ਤੋਂ ਬਾਹਰ ਨਿਕਲ ਸਕੇ।

ਡਾ.ਦਵਿੰਦਰ ਕੌਰ ਖੁਸ਼ ਧਾਲੀਵਾਲ,ਖੋਜਕਾਰ,ਮੋਟੀਵੇਟ ਸਪੀਕਰ

## ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਟਿਊਸ਼ਨਸ ਵਿੱਚ ਡਾ. ਜਸਪਾਲ ਸਿੰਘ ਦੇ ਕਵਿਤਾ ਸੰਗ੍ਰਿਹ ਤੇ ਗੋਸ਼ਟੀ ਸੀ



*ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਟਿਊਸ਼ਨਸ ਦੇ ਚੇਅਰਮੈਨ ਗੁਰਮੀਤ ਧਾਲੀਵਾਲ ਹੁਰਾਂ ਨਾਲ ਵਾਕਫ਼ੀਅਤ ਟੋਨੀ ਬਾਤਿਸ਼ ਵੱਲੋਂ ਕਰਵਾਏ ਜਾਂਦੇ ਰਾਹੁਲ ਕੌਸ਼ਲ ਯਾਦਗਾਰੀ ਸਮਾਗਮ ਦੇ ਦਿਨਾਂ ਤੋਂ ਹੈ।*

ਕੱਲ ਦਿਉਣ ਵਿੱਚ ਸਾਂ ਬਠਿੰਡਾ ਤੋਂ ਮੁਕਤਸਰ ਰੋਡ 'ਤੇ ਉੱਸਰੇ ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਟਿਊਸ਼ਨਸ ਵਿੱਚ ਡਾ. ਜਸਪਾਲ ਸਿੰਘ ਦੇ ਕਵਿਤਾ ਸੰਗ੍ਰਿਹ ਤੇ ਗੋਸ਼ਟੀ ਸੀ। ਨਾਲ ਕਵੀ ਦਰਬਾਰ ਸੀ। ਸੱਦਾ ਖੋਜਨਾਮਾ ਵਾਲੇ ਡਾ. ਜਸਵਿੰਦਰ ਸਿੰਘ ਬਰਾੜ ਦਾ ਸੀ। ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਟਿਊਸ਼ਨਸ ਦੇ ਚੇਅਰਮੈਨ ਗੁਰਮੀਤ ਧਾਲੀਵਾਲ ਹੁਰਾਂ ਨਾਲ ਵਾਕਫ਼ੀਅਤ ਟੋਨੀ ਬਾਤਿਸ਼ ਵੱਲੋਂ ਕਰਵਾਏ ਜਾਂਦੇ ਰਾਹੁਲ ਕੌਸ਼ਲ ਯਾਦਗਾਰੀ ਸਮਾਗਮ ਦੇ ਦਿਨਾਂ ਤੋਂ ਹੈ।

ਖ਼ੈਰ ਭਾਅ ਜੀ Gurtej Koharwala , Vijay Vivek , Manjit Puri , Satpal Bhikhi , Bhupinder Kaur Preet ,ਬੂਟਾ ਸਿੰਘ ਚੌਹਾਨ, Devinder Saifee , ਡਾ. ਗੁਰਸੇਵਕ ਲੰਬੀ, Dr-Rajesh Mohan, Gurpreet Mansa ਅਤੇ Surinderpreet Ghania ਦੇ ਸੰਗ ਸਾਥ ਵਿੱਚ ਕਵਿਤਾ ਪੜ੍ਹਨ ਦਾ ਆਨੰਦ ਲਿਆ।

ਮੰਚ ਸੰਚਾਲਨ ਸ਼ਾਇਰਾ ਵਿਰਕ ਪੁਸ਼ਪਿੰਦਰ ਨੇ ਕੀਤਾ ਸੀ।

ਸੰਸਥਾ ਵਾਲਿਆਂ ਦੀ ਮਹਿਮਾਨ ਨਵਾਜ਼ੀ ਕਮਾਲ ਦੀ ਸੀ।

ਕੁੱਲ ਮਿਲਾ ਕੇ ਇੱਕ ਭਰਪੂਰ ਦਿਨ....

ਤਸਵੀਰਾਂ ਲਈ ਪੰਡਿਤ ਚੇਤਨ ਦੇਵ ਕਾਲਜ ਆਫ਼ ਐਜੂਕੇਸ਼ਨ ਫ਼ਰੀਦਕੋਟ ਦੇ ਪ੍ਰੋ.ਬੀਰ ਇੰਦਰ ਦਾ ਬਹੁਤ ਸ਼ੁਕਰੀਆਂ

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਨੁਕਤਾ...**

ਬਿਹਤਰ ਜ਼ਿੰਦਗੀ ਜਿਉਣ ਦਾ ਸ਼ਪੱਸ਼ਟ ਨੁਕਤਾ ਹੈ ਮਿੱਠਾ ਬੋਲੋ, ਸਾਦਾ ਰਹੋ ਅਤੇ ਭਲਾਈ ਦੇ ਰਾਹ ਚੱਲੋ। ਜੀਵਨ ਲਗਾਤਾਰ ਬਿਹਤਰ ਹੁੰਦਾ ਜਾਵੇਗਾ॥ ਬਿਹਤਰੀ ਦੇ ਨੁਕਤਿਆਂ 'ਚ ਉਲਝ ਕੇ ਜ਼ਿੰਦਗੀ ਦਾ ਆਨੰਦ ਕਦੀ ਨਾ ਭੁੱਲੋ। ਮੁੱਢਲੇ ਨੁਕਤਿਆਂ 'ਤੇ ਪਹਿਰਾ ਦਿਓ। ਵਕਤ ਸ਼ਾਨਦਾਰ ਬੀਤਣ ਲੱਗੇਗਾ॥ ਚੰਗੀ ਜੀਵਨ ਜਾਚ ਲਈ ਬਜ਼ੁਰਗਾਂ ਦੇ ਤਜ਼ਰਬੇ ਰੂਪੀ ਨੁਕਤੇ ਅੱਜ ਵੀ ਉਨੇ ਹੀ ਕਾਰਗਰ ਸਿੱਧ ਹੁੰਦੇ ਨੇ। ਅਜ਼ਮਾ ਕੇ ਤਾਂ ਦੇਖੋ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ /ਜਿਲਾ ਆਰ. ਕਮਿਸ਼ਨਰ ਮਾਨਸਾ।

## ਗੁਰੂ ਨਾਨਕ ਸਾਹਿਬ ਬਾਬਰ ਬਾਣੀ



ਚ ਬਾਬਰ ਦੇ ਹਮਲੇ ਦਾ ਜ਼ਿਕਰ ਕਰਦੇ ਹੋਏ ਦੱਸਦੇ ਹਨ ਕਿ ਜਦੋਂ ਮੌਕੇ ਦੇ ਹਾਕਮ ਆਪਣੀਆਂ ਜ਼ਿੰਮੇਵਾਰੀਆਂ ਨੂੰ ਭੁੱਲ ਜਾਣ, ਐਸ਼ੋ-ਇਸ਼ਰਤ 'ਚ ਪੈ ਜਾਣ ਅਤੇ ਆਪਣੇ ਲੋਕਾਂ 'ਤੇ ਹੀ ਜ਼ੁਲਮ ਕਰਨ ਲੱਗ ਪੈਣ ਤਾਂ ਸਮਝੋ ਉਨ੍ਹਾਂ ਨੂੰ ਮੌਤ ਦਾ ਫੁਰਮਾਨ ਆਉਣ ਵਾਲਾ ਹੈ ਤੇ ਉਨ੍ਹਾਂ ਦਾ ਮਰਨਾ ਤਹਿ ਹੋ ਜਾਂਦਾ ਹੈ। ਫਿਰ ਕੋਈ ਬਾਬਰ ਅਜਿਹੇ ਰਾਜ ਨੂੰ ਖਤਮ ਕਰਨ ਲਈ ਚੜ੍ਹ ਆਉਂਦਾ ਹੈ।

ਗੁਰੂ ਨਾਨਕ ਜੀ ਅੱਗੇ ਜਾ ਕਿ ਫਰਾਉਂਦੇ ਹਨ ਕਿ ਜੇ ਕੋਈ ਤਾਕਤਵਰ, ਤਾਕਤਵਰ ਨੂੰ ਮਾਰੇ ਤਾਂ ਮਨ 'ਚ ਕੋਈ ਰੋਸ ਨਹੀਂ ਹੁੰਦਾ ਕਿਉਂਕਿ ਉਹ ਤਕੜਿਆਂ ਦਾ ਭੇੜ ਹੁੰਦਾ ਹੈ, ਉਨ੍ਹਾਂ ਦੀ ਤਾਕਤ ਦੀ ਲੜਾਈ ਹੁੰਦੀ। ਪਰ ਜੇ ਸ਼ੇਰ, ਗਾਵਾਂ ਦੇ ਵੱਗ ਨੂੰ ਪੈ ਜਾਵੇ ਤਾਂ ਫਿਰ ਰੋਸ ਪੈਦਾ ਹੋਣਾ ਕੁਦਰਤੀ ਹੈ। ਫਿਰ ਮਾੜੇ ਨਾਲ ਹੋ ਰਹੇ ਧੱਕੇ ਦੇ ਵਿਰੋਧ 'ਚ ਖੜਨਾ ਚਾਹੀਦਾ ਹੈ।

ਪਰ ਤੁਹਾਨੂੰ ਇਸ ਗੱਲ ਦੀ ਸਮਝ ਚਾਹੀਦੀ ਹੈ ਕਿ ਕੌਣ ਕਿਸ ਨਾਲ ਧੱਕਾ ਕਰ ਰਿਹਾ ਹੈ। ਦੁਨੀਆਂ ਸਦਾ ਦੋ ਪੱਖਾਂ 'ਚ ਹੀ ਖੜਦੀ ਹੈ। ਹਰ ਇੱਕ ਨੇ ਇੱਕ ਧਿਰ ਚੁਣੀ ਹੁੰਦੀ ਹੈ। ਗਲਤ ਸਹੀ, ਤਕੜਾ ਮਾੜਾ, ਝੂਠਾ ਸੱਚਾ ਕੋਈ ਨੀ ਦੇਖਦਾ, ਹਰ ਕੋਈ ਆਪਣੀ ਧਿਰ ਨਾਲ਼ ਹੀ ਖੜਦਾ ਹੈ। ਪਰ ਕੋਈ ਗੁਰੂ ਨਾਨਕ ਸਾਹਿਬ ਵਰਗਾ ਮਹਾਂਪੁਰਸ਼ ਹੀ ਮੁਗਲਾਂ ਤੇ ਪਠਾਣਾਂ ਦੀ ਲੜਾਈ 'ਚ ਬਾਬਰ ਦੇ ਨਾਲ਼-ਨਾਲ਼ ਪਠਾਣਾਂ ਨੂੰ ਵੀ ਲਾਹਣਤਾਂ ਪਾ ਸਕਦਾ ਹੈ।

ਕਿਉਂਕਿ ਉਹ ਰਾਜਾਸ਼ਾਹੀ ਦੀ ਐਸ਼ ਪ੍ਰਸਤੀ ਵਿੱਚ ਆਪਣੇ ਹੀ ਲੋਕਾਂ 'ਤੇ ਜ਼ੁਲਮ ਕਰਦੇ ਸਨ ਅਤੇ ਸੱਤ੍ਹਾ ਦੇ ਨਸ਼ੇ 'ਚ ਆਪਣੀਆਂ ਜ਼ਿੰਮੇਵਾਰੀਆਂ ਨੂੰ ਭੁੱਲ ਗਏ ਸਨ।

ਇਹੀ ਕੁਦਰਤ ਦਾ ਨਿਯਮ ਹੈ ਕਿ ਮਾੜੇ ਨੇ ਤਕੜੇ ਨੂੰ ਦਬਾਉਣਾ ਹੈ ਤੇ ਮਾੜੇ ਨੇ ਆਪਣਾ ਬਚਾਅ ਕਰਨਾ ਹੈ। ਜਦੋਂਕਿ ਤਕੜਿਆਂ ਦਾ ਇੱਕ ਦੂਜੇ ਤੋਂ ਮਹਿਜ ਤਾਕਤ ਖੋਹਣ ਦਾ ਹੀ ਭੇੜ ਹੈ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਇਹ ਸਭ ਕੁੱਝ ਉਸ ਅਕਾਲ ਪੁਰਖ ਦੇ ਹੁਕਮ 'ਚ ਹੀ ਚੱਲ ਰਿਹਾ ਹੈ।

ਲੇਖਕ : ਬਰਕਤ ਸਿੰਘ ਵੋਹਰਾ,
ਪ੍ਰਧਾਨ ਸਾਹਿਤ ਸਭਾ ਪੱਟੀ,
ਜਿਲ੍ਹਾ ਤਰਨ ਤਾਰਨ।

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

ਲੇਖਕ ਆਪਣੀਆਂ ਰਚਨਾਵਾਂ ਇਸ ਨੰਬਰ ਤੇ ਭੇਜ ਸਕਦੇ ਹਨ
9815561022, 9463661542

# ਜਿਲਾ ਪ੍ਰਸ਼ਾਸਨ ਖੰਡ ਮਿੱਲ ਸੇਰੋਂ ਵਿੱਚ ਹੋ ਰਹੀ ਜਬਰੀ ਉਸਾਰੀ ਤੁਰੰਤ ਬੰਦ ਕਰਨ ਦੀ ਕੀਤੀ ਮੰਗ



ਸਥਾਨਕ ਗਾਂਧੀ ਪਾਰਕ ਵਿਖੇ ਮੀਟਿੰਗ ਕਰਨ ਉਪਰੰਤ ਗੱਲਬਾਤ ਕਰਦੇ ਹੋਏ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਨਛੱਤਰ ਸਿੰਘ ਗਿੱਲ, ਹਰਜਿੰਦਰ ਸਿੰਘ ਟਾਂਡਾ ਆਦਿ। |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ 10 ਅਪਰੈਲ

ਸੰਯੁਕਤ ਕਿਸਾਨ ਮੋਰਚਾ ਜ਼ਿਲਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਤੇ ਆਗੂਆਂ ਦੀ ਇੱਕ ਅਹਿਮ ਮੀਟਿੰਗ ਸਥਾਨਕ ਗਾਂਧੀ ਪਾਰਕ ਤਰਨ ਤਾਰਨ ਵਿਖੇ ਹਰਜਿੰਦਰ ਸਿੰਘ ਟਾਂਡਾ ਸੂਬਾਈ ਪ੍ਰਧਾਨ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਵਿਸ਼ੇਸ ਤੌਰ ਤੇ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲਣ ਵਿਰੁੱਧ ਵਿਚਾਰ ਚਰਚਾ ਕੀਤੀ ਗਈ ।ਇਸ ਮੌਕੇ ਮੀਟਿੰਗ ਵਿੱਚ ਸਯੁੰਕਤ ਕਿਸਾਨ ਮੋਰਚਾ ਪੰਜਾਬ ਤੋਂ ਸੂਬਾਈ ਆਗੂ ਡਾਕਟਰ ਸਤਨਾਮ ਸਿੰਘ ਅਜਨਾਲਾ ਉਚੇਚੇ ਰੂਪ ਵਿੱਚ ਹਾਜ਼ਰ ਹੋਏ । ਇਸ ਮੌਕੇ ਵੱਖ ਵੱਖ ਆਗੂਆਂ ਨੇ ਕਿਹਾ ਪੰਜਾਬ ਸਰਕਾਰ ਇਸ ਤਰ੍ਹਾਂ ਧੱਕੇ ਨਾਲ ਕਿਸਾਨਾਂ ਦੇ ਸੇਅਰ ਮਨ ਮਰਜ਼ੀ ਨਾਲ ਨਹੀਂ ਵੇਚ ਸਕਦੀ ।ਉਨ੍ਹਾਂ ਨੇ ਮੰਗ ਕੀਤੀ ਕਿ ਜ਼ਿਲਾ ਪ੍ਰਸ਼ਾਸਨ ਵੱਲੋਂ ਜਬਰੀ ਉਸਾਰੀ ਤੁਰੰਤ ਬੰਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨ ਜਥੇਬੰਦੀਆਂ ਵੱਲੋਂ ਮੰਗਿਆ ਜਾ ਰਿਹਾ ਮਿੱਲ ਨਾਲ ਸੰਬੰਧਿਤ ਰਿਕਾਰਡ ਦੇਣ ਲਈ ਦੇਰੀ ਕੀਤੀ ਨਿੰਦਨਯੋਗ ਹੈ ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਸੀ ਕਿ ਜੇਕਰ ਉਹਨਾਂ ਨੇ ਇੱਥੇ ਕਣਕ ਸਟੋਰ ਕਰਨ ਲਈ ਗਦਾਮ ਬਣਾਉਣੇ ਸਨ ਤਾਂ ਉਹਦਾ ਵਾਤਾਵਰਨ ਤੇ ਕੀ ਅਸਰ ਪੈਣਾ ਸੀ। ਲੋਕਾਂ ਦੀ ਸਿਹਤ ਤੇ ਕੀ ਅਸਰ ਪੈਣਾ ਸੀ। ਇਨ੍ਹਾਂ ਗੱਲਾਂ ਦਾ ਸਰਵੇਖਣ ਕੀਤਾ ਜਾਣਾ ਚਾਹੀਦਾ ਸੀ। ਕਿਉਂਕਿ ਜਿਸ ਤਰ੍ਹਾਂ ਇਹ ਸਹਿਕਾਰੀ ਖੰਡ ਮਿੱਲ ਸ਼ੇਰੋ, ਪਿੰਡ ਸ਼ੇਰੋ ਪਿੰਡ ਦੇ ਬਿਲਕੁਲ ਨਜ਼ਦੀਕ ਹੈ ਤੇ ਇਥੋਂ ਜੋ ਸੁਸਰੀ ਪੈਦਾ ਹੋਵੇਗੀ,ਜਿਹੜੀ ਅਕਸਰ ਕਣਕ ਤੋਂ ਪੈਦਾ ਹੁੰਦੀ ਹੈ ।ਉਹ ਉੱਡ ਕੇ ਲੋਕਾਂ ਦਾ ਜੀਵਨ ਦੁੱਬਰ ਕਰ ਦਿੰਦੀ ਹੈ ।ਉਸ ਦਾ ਜਵਾਬਦੇਹ ਕੌਣ ਹੋਏਗਾ । ਮੀਟਿੰਗ ਵਿੱਚ ਆਉਣ ਵਾਲੇ ਦਿਨਾਂ ਵਿੱਚ ਵੱਖ -ਵੱਖ ਪਿੰਡਾਂ ਵਿੱਚ ਮੋਟਰਸਾਈਕਲ ਮਾਰਚ ਕੱਢ ਕੇ ਕਿਸਾਨਾਂ ਨੂੰ ਸਰਕਾਰ ਦੀਆਂ ਧੱਕੇਸ਼ਾਹੀਆਂ ਵਿਰੁੱਧ ਸੁਚੇਤ ਕੀਤਾ ਜਾਵੇਗਾ ਤੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਜਾਣਗੇ। ਉਨ੍ਹਾਂ ਕਿਹਾ ਇਹ ਮੋਟਰਸਾਈਕਲ ਮਾਰਚ ਪਿੰਡ ਜਿਵੇਂ ਜੋਹਲ ,ਮੁੰਡਾ ਪਿੰਡ ,ਭੈਲ, ਵੈਰੋਵਾਲ ,ਜਲਾਲਾਬਾਦ ਘੜਕਾ, ਧੁਨ, ਪੱਟੀ ,ਭਿੱਖੀਵਿੰਡ ,ਮੁੱਖ ਰੂਪ ਵਿੱਚ ਇਨ੍ਹਾਂ ਵੱਡੇ ਕਸਬਿਆਂ ਵਿੱਚ ਇਹ ਮੋਟਰਸਾਈਕਲ ਮਾਰਚ ਕੱਢ ਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ।ਬੁੱਧਵਾਰ ਨੂੰ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਦਫਤਰੀ ਰਿਕਾਰਡ ਵਿੱਚ ਹੋ ਰਹੀ ਦੇਰੀ ਸਬੰਧੀ ਪੁੱਛਿਆ ਜਾਏਗਾ। ਮੀਟਿੰਗ ਵਿੱਚ ਨਛੱਤਰ ਸਿੰਘ ਪੰਨੂ, ਮਨਜੀਤ ਸਿੰਘ ਬੱਗੂ ,ਤਰਸੇਮ ਸਿੰਘ ਲੁਹਾਰ, ਦਲਜੀਤ ਸਿੰਘ ਦਿਆਲਪੁਰਾ, ਡਾਕਟਰ ਸਤਨਾਮ ਸਿੰਘ ਅਜਨਾਲਾ ,ਹਰਜਿੰਦਰ ਸਿੰਘ ਟਾਂਡਾ, ਸੁਰਿੰਦਰ ਸਿੰਘ ਜਸਵੰਤ ਸਿੰਘ ,ਬਲਦੇਵ ਸਿੰਘ ਸ਼ੇਰੋ, ਕਸ਼ਮੀਰ ਸਿੰਘ ਸ਼ੇਰੋ, ਅੰਗਰੇਜ਼ ਸਿੰਘ ਸ਼ੇਰੋ,ਸੁਖਦੇਵ ਸਿੰਘ ਸ਼ੇਰੋਂ ,ਮੇਹਰ ਸਿੰਘ ਚਤਾਲਾ ,ਡਾ ਇੰਦਰਜੀਤ ਸਿੰਘ ਮਰਹਾਣਾ ,ਦਵਿੰਦਰ ਸੋਹਲ ਦਲਵਿੰਦਰ ਸਿੰਘ ਨਸਹਿਰਾ ਪੰਨੂੰਆ, ਗੁਰਚਰਨ ਸਿੰਘ ਸੁਭਰਾ, ਸਤਪਾਲ ਸਿੰਘ ਨੱਥੋਕੇ ,ਸੁਖਚੈਨ ਸਿੰਘ ਸਰਹਾਲੀ ਖੁਰਦ ਆਦਿ ਕਿਸਾਨ ਆਗੂ ਹਾਜ਼ਰ ਸਨ।

# ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ ਚੋਹਲਾ ਸਾਹਿਬ ਵਿਖੇ ਵਿਸਾਖੀ ਦਾ ਪਵਿੱਤਰ ਦਿਹਾੜਾ ਮਨਾਇਆ।




ਚੋਹਲਾ ਸਾਹਿਬ 11 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ ਚੋਹਲਾ ਸਾਹਿਬ ਵਿਖੇ ਖਾਲਸਾਈ ਜਾਹੋ ਜਲਾਲ ਨਾਲ ਸੰਬੰਧਿਤ ਵਿਸਾਖੀ ਦਾ ਪਵਿੱਤਰ ਦਿਹਾੜਾ ਮਨਾਇਆ ਗਿਆ।ਜਿਸ ਵਿੱਚ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਵਿਦਿਆਰਥੀਆਂ ਨੇ ਬੀਰ—ਰਸੀ ਕਵੀਸ਼ਰੀਆਂ,ਵਾਰਾਂ,ਕੀਰਤਨ ਅਤੇ ਕਵਿਤਾਵਾਂ ਦੀ ਪੇਸ਼ਕਾਰੀ ਕੀਤੀ।ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਡਾ: ਪਰਮਿੰਦਰ ਕੌਰ ਖਹਿਰਾ ਨੇ ਕਿਹਾ ਕਿ ਅਜਿਹੇ ਸਮਾਗਮਾਂ ਦੀ ਅਜੋਕੀ ਪੀੜ੍ਹੀ ਨੂੰ ਬਹੁਤ ਲੋੜ ਹੈ,ਜੋ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਗੈਰਤਮੰਦ ਪਿਛੋਕੜ ਨਾਲ ਜੋੜ ਸਕੇ।ਵਿਦਿਆਰਥੀ ਵਰਗ ਵਿੱਚ ਫੈਲ ਰਹੀ ਅਸਹਿਣਸ਼ੀਲਤਾ ਅਤੇ ਅਨੁਸ਼ਾਸ਼ਨਹੀਣਤਾ ਨੂੰ ਘੱਟ ਕਰਨ ਲਈ ਅਜਿਹੇ ਉਪਰਾਲੇ ਕਰਨ ਦੀ ਬੇਹੱਦ ਲੋੜ ਹੈ।ਪ੍ਰਿੰਸੀਪਲ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਜੋ ਵਿਧਾਵਾਂ ਦੀ ਪੇਸ਼ਕਾਰੀ ਕੀਤੀ ਉਹ ਅਧਿਆਪਕ ਸੰਦੀਪ ਕੌਰ,ਅਕਾਸ਼ਦੀਪ ਕੌਰ,ਜਸ਼ਨਪ੍ਰੀਤ ਕੌਰ ਨੇ ਬਹੁਤ ਮਿਹਨਤ ਨਾਲ ਤਿਆਰ ਕਰਵਾਈਆਂ ਹਨ।ਵਧੀਆ ਕਾਰਗੁਜਾਰੀ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ।ਇਸ ਸਮੇਂ ਸੰਸਥਾ ਦੇ ਪ੍ਰਧਾਨ ਰਵੀਇੰਦਰ ਸਿੰਘ ਗਿੱਲ ਸਭਰਾ,ਪ੍ਰਿੰਸੀਪਲ ਮੈਡਮ ,ਸਮੂਹ ਸਟਾਫ ਨਵਨੀਤ ਕੌਰ,ਨਵਪ੍ਰੀਤ ਕੌਰ,ਜ਼ਸਦੀਪ ਕੌਰ,ਹਰਸਿਮਰਨ ਕੌਰ,ਹਰਪ੍ਰੀਤ ਕੌਰ,ਸੰਦੀਪ ਕੌਰ,ਜ਼ਸ਼ਨਪ੍ਰੀਤ ਕੌਰ,ਨਰਿੰਦਰ ਕੌਰ,ਮਨਜਿੰਦਰ ਕੌਰ,ਰਮਨਦੀਪ ਕੌਰ,ਅਕਾਸ਼ਦੀਪ ਕੌਰ,ਅਰਸ਼ਨੂਰ ਕੌਰ,ਸੰਦੀਪ ਕੌਰ,ਜ਼ਸ਼ਨਪ੍ਰੀਤ ਕੌਰ ਆਦਿ ਹਾਜਰ ਸਨ।

# ਫੂਡ ਸੇਫਟੀ ਪੰਦਰਵਾੜੇ ਤਹਿਤ ਜ਼ਿਲ੍ਹੇ ਵਿਚ ਜਾਗਰੂਕਤਾ ਮੁਹਿੰਮ ਜ਼ੋਰਾਂ 'ਤੇ



ਚੋਹਲਾ ਸਾਹਿਬ 11 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਕੰਵਲਪ੍ਰੀਤ ਬਰਾੜ ਦੇ ਨਿਰਦੇਸ਼ਾਂ ਅਨੁਸਾਰ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਅਤੇ ਸਿਵਲ ਸਰਜਨ ਤਰਨ ਤਾਰਨ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਖਬੀਰ ਕੌਰ ਦੀ ਅਗਵਾਈ ਵਿਚ ਫੂਡ ਸੇਫਟੀ ਟੀਮ ਤਰਨ ਤਾਰਨ ਵੱਲੋਂ ਫੂਡ ਸੇਫਟੀ ਪੰਦਰਵਾੜੇ ਤਹਿਤ ਜ਼ਿਲ੍ਹੇ ਵਿਚ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ ਅਤੇ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।ਇਸੇ ਤਹਿਤ ਪਿਛਲੇ ਤਿੰਨ ਦਿਨਾਂ ਵਿਚ ਤਰਨਤਾਰਨ ਸ਼ਹਿਰ, ਚੋਹਲਾ ਸਾਹਿਬ ਇਲਾਕੇ ਅਤੇ ਖ਼ਡੂਰ ਸਾਹਿਬ ਦੀਆਂ ਡੇਅਰੀਆਂ ਅਤੇ ਵੱਖ-ਵੱਖ ਫੂਡ ਆਊਟਲੈੱਟਾਂ ਦੀ ਜਾਂਚ ਕੀਤੀ ਗਈ ਅਤੇ ਨਮੂਨੇ ਇਕੱਤਰ ਕੀਤੇ ਗਏ। ਇਸੇ ਤਰ੍ਹਾਂ ਖ਼ਡੂਰ ਸਾਹਿਬ ਵਿਖੇ ਐਫ.ਬੀ.ਓਜ਼ ਲਈ ਜਾਗਰੂਕਤਾ ਵਰਕਸ਼ਾਪ ਕਰਵਾਈ ਗਈ ਅਤੇ ਸਾਰੀਆਂ ਐਫ.ਬੀ.ਓਜ਼ ਨੂੰ ਸਫ਼ਾਈ ਬਣਾਈ ਰੱਖਣ ਲਈ ਹਦਾਇਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੂੰ ਮਿਲਾਵਟ ਤੋਂ ਬਚਣ, ਤੇਲ ਨੂੰ ਦੁਬਾਰਾ ਨਾ ਤਲਣ, ਫੂਡ ਆਈਟਮਾਂ ਨੂੰ ਢੱਕ ਕੇ ਰੱਖਣ ਅਤੇ ਤਿਆਰ ਖਾਣਾ ਠੀਕ ਤਾਪਮਾਨ 'ਤੇ ਰੱਖਣ ਲਈ ਕਿਹਾ ਗਿਆ। ਇਸ ਦੌਰਾਨ ਫੂਡ ਸੇਫਟੀ ਆਨ ਵ੍ਹੀਲਜ਼ ਰਾਹੀਂ ਜਾਗਰੂਕਤਾ ਮੁਹਿੰਮ ਵੀ ਤਿੰਨ ਹਿੱਸਿਆਂ - 'ਜਾਗਰੂਕਤਾ, ਟੈਸਟਿੰਗ ਅਤੇ ਟ੍ਰੇਨਿੰਗ' ਨਾਲ ਜਾਰੀ ਰੱਖੀ ਗਈ।

# ਸ਼੍ਰੋਮਣੀ ਕਮੇਟੀ ਮੈਂਬਰ ਸ. ਤਰਸੇਮ ਸਿੰਘ ਰੱਤੀਆ ਦੇ ਪਤਨੀ ਬੀਬੀ ਸੁਰਜੀਤ ਕੌਰ ਦੇ ਅਕਾਲ ਚਲਾਣੇ 'ਤੇ ਐਡਵੋਕੇਟ ਧਾਮੀ ਵੱਲੋਂ ਦੁੱਖ ਪ੍ਰਗਟ



ਅੰਮ੍ਰਿਤਸਰ, ਚੋਹਲਾ ਸਾਹਿਬ 11 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਮੈਂਬਰ ਸ. ਤਰਸੇਮ ਸਿੰਘ ਰੱਤੀਆ ਦੇ ਧਰਮ ਸੁਪੱਤਨੀ ਬੀਬੀ ਸੁਰਜੀਤ ਕੌਰ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਐਡਵੋਕੇਟ ਧਾਮੀ ਨੇ ਸ. ਤਰਸੇਮ ਸਿੰਘ ਰੱਤੀਆ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਬੀਬੀ ਸੁਰਜੀਤ ਕੌਰ ਦਾ ਅਕਾਲ ਚਲਾਣਾ ਪਰਿਵਾਰ ਅਤੇ ਰਿਸ਼ਤੇਦਾਰਾਂ ਲਈ ਵੱਡਾ ਘਾਟਾ ਹੈ। ਉਨ੍ਹਾਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਿਸ਼ ਕਰਨ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਰਨਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਤੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਵੀ ਬੀਬੀ ਸੁਰਜੀਤ ਕੌਰ ਦੇ ਅਕਾਲ ਚਲਾਣੇ 'ਤੇ ਸ. ਤਰਸੇਮ ਸਿੰਘ ਰੱਤੀਆ ਨਾਲ ਸੰਵੇਦਨਾ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਵਿਛੜੀ ਰੂਹ ਨਮਿਤ ਅਰਦਾਸ ਕੀਤੀ।

# ਸੀਨੀਅਰ ਸਿਟੀਜ਼ਨ ਅਤੇ ਪੈਨਸ਼ਨਰ ਐਸੋਸੀਏਸ਼ਨ ਦੀ ਮੀਟਿੰਗ



ਸੀਨੀਅਰ ਸਿਟੀਜ਼ਨ ਅਤੇ ਪੈਨਸ਼ਨਰ ਐਸੋਸੀਏਸ਼ਨ ਦੀ ਮੀਟਿੰਗ ਕਰਦੇ ਹੋਏ। |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 11 ਅਪ੍ਰੈਲ

ਸੀਨੀਅਰ ਸਿਟੀਜ਼ਨ ਅਤੇ ਪੈਨਸ਼ਨਰ ਐਸੋਸੀਏਸ਼ਨ ਜਿਲ੍ਹਾ ਤਰਨ ਤਾਰਨ ਦੀ ਮਹੀਨਾ ਵਾਰ ਮੀਟਿੰਗ ਅਜੀਤ ਸਿੰਘ ਢੋਟੀਆਂ ਦੀ ਪ੍ਰਧਾਨਗੀ ਹੇਠ ਬੱਸ ਅੱਡਾ ਤਰਨ ਤਾਰਨ ਵਿਖੇ ਹੋਈ। ਮੀਟਿੰਗ ਕਰਵਾਈ ਮਾਸਟਰ ਸਤਵਿੰਦਰ ਸਿੰਘ ਨੇ ਬੜੀ ਬਾਖ਼ੂਬੀ ਨਾਲ ਨਿਭਾਈ। ਮੀਟਿੰਗ ਦੀ ਸ਼ੁਰੂਆਤ ਵਿਚ ਹਰਪ੍ਰੀਤ ਸਿੰਘ ਬਰਾੜ ਜੱਜ ਵਲੋਂ ਦਿੱਤੇ ਫੈਸਲੇ ਅਤੇ ਡਾ. ਐਨ ਕੇ ਕਲਸੀ ਵਲੋ ਕੋਰਟ ਵਿੱਚ ਮਦਦ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਸਾਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਜੇ ਇਸ ਫੈਸਲੇ ਵਿਰੋਧ ਵਿਚ ਅੱਗੇ ਕੋਰਟ ਵਿੱਚ ਅਪੀਲ ਕੀਤੀ ਗਈ ਤਾਂ ਸਮੂੰਹ ਪੈਨਸ਼ਨਰ ਸਟੇਟ ਪੱਧਰ ਤੇ ਵੱਡਾ ਐਕਸ਼ਨ ਕਰਨਗੇ। ਇਸ ਮੋਕੇ ਪੈਨਸ਼ਨਰ ਮਹਾ ਸੰਗ ਦੀ ਸਟੇਟ ਕਾਰਜਕਾਰਨੀ ਦੀ ਚੋਣ ਲਈ ਸਰਬਸਮਤੀ ਨਾਲ ਪ੍ਰੋੜਤਾ ਕੀਤੀ ਗਈ। ਇਸ ਮੌਕੇ ਸਟੇਟ ਕਰਕਰਨੀ ਲਈ ਦੋ ਮੈਂਬਰ ਜੱਸਾ ਸਿੰਘ ਕੱਦ ਗਿੱਲ ਅਤੇ ਗੁਰਮੇਜ ਸਿੰਘ ਸਫੀਪੁਰ ਦਾ ਨਾਮ ਭੇਜਿਆ ਗਿਆ। ਮੀਟਿੰਗ ਨੂੰ ਗੁਰਮੇਜ਼ ਸਿੰਘ, ਮਾਸਟਰ ਸਤਵਿੰਦਰ ਸਿੰਘ, ਅਤੇ ਅਮ੍ਰਿਤਸਰ ਤੋ ਪੁੱਜੇ ਸਪੈਸ਼ਲ ਲੀਡਰ ਕਾਮਰੇਡ ਜੋਗਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਪੈਨਸ਼ਨਰ ਅਤੇ ਮੁਲਾਜਮਾ ਨਾਲ ਕੀਤੇ ਘਟੀਆ ਵਤੀਰੇ ਦੀ ਸਖ਼ਤ ਨਿਖੇਦੀ ਕੀਤੀ ਕੀਤੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕੇ ਸਾਰਕਾਰ ਵਲੋਂ ਕੋਰਟ ਦੇ ਫੈਸਲੇ ਵੀ ਲਾਗੂ ਨਹੀਂ ਕੀਤੀ ਜਾ ਰਹੇ।ਸਿਰਫ ਮੁਫ਼ਤ ਦੀਆਂ ਰੇੜੀਆਂ ਵੰਡ ਕੇ ਵੋਟਾਂ ਖਰੀਦ ਰਹੇ ਹਨ। ਲੋਕਾਂ ਨੂੰ ਮੰਗਤੇ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕੇ ਅਗਰ ਰੋਜ਼ਗਾਰ ਦਿੱਤਾ ਜਾਵੇ ਤਾਂ ਲੋਕ ਇਹ ਸਹੂਲਤ ਖੁਦ ਲੇ ਸਕਦੇ ਹਨ। ਸੂਬੇ ਨੂੰ ਕਰਜਾਈ ਕਰ ਦਿੱਤਾ ਹੈ। ਮੀਟਿੰਗ ਨੂੰ ਗੁਰਮੇਜ਼ ਸਿੰਘ, ਮਾਸਟਰ ਸਤਵਿੰਦਰ ਸਿੰਘ, ਅਤੇ ਅਮ੍ਰਿਤਸਰ ਤੋ ਆਏ ਸਪੈਸ਼ਲ ਲੀਡਰ ਕਾਮਰੇਡ ਜੋਗਿੰਦਰ ਸਿੰਘ ਨੇ ਸੰਬੋਧਨ ਕੀਤਾ। ਮੀਟਿੰਗ ਵਿਚ ਮੋਹਿੰਦਰ ਸਿੰਘ, ਧਰਮ ਸਿੰਘ ,ਲੱਖਾਂ ਸਿੰਘ, ਕੁਲਵੰਤ ਸਿੰਘ, ਸਮੇਤ 100 ਦੇ ਕਰੀਬ ਮੈਂਬਰਾਂ ਨੇ ਭਾਗ ਲਿਆ। 'ਅੰਤ ਚ ਪ੍ਰਧਾਨ ਅਜੀਤ ਸਿੰਘ ਨੇ ਆਏ ਮੈਂਬਰਾ ਦਾ ਧੰਨਵਾਦ ਕੀਤਾ।

